Vide R.N.I. No. Pun-Pun 2002/8323 ASR/0001/2018/20

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਧੰਨ ਧੰਨ ਮਾਤਾ ਕੌਲਾਂ ਜੀ

ਭੇਟਾ: 20/-

# ਸਿਫਤਿ ਸਾਲਾਹ

ਅੰਕ: 126
D.O.P. 10 Jan. 2019

ਨਿਰੋਲ ਧਾਰਮਿਕ ਪੱਤ੍ਰਿਕਾ

## ਲਾਸਾਨੀ ਸ਼ਹਾਦਤਾਂ











# 550 ਸਾਲ ਗੁਰੂ ਨਾਨਕ ਜੀ ਦੀ ਬਾਣੀ ਨਾਲ

ਗੁਰੂ ਸਾਹਿਬ ਜੀ ਦੀ ਅਪਾਰ ਕ੍ਰਿਪਾ ਸਦਕਾ ਬਾਬਾ ਦੀਪ ਸਿੰਘ ਜੀ ਸੇਵਾ ਸਿਮਰਨ ਸੁਸਾਇਟੀ, ਪਟਿਆਲਾ ਵੱਲੋਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੀ ਲਾਸਾਨੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ 10 ਅਤੇ 11 ਨਵੰਬਰ 2018 ਨੂੰ ਹਰਿਆਵਲ ਵਧਾਉਣ ਦੇ ਵਿਸ਼ੇ ਤੇ ਗੁਰਮਤਿ ਪੇਂਟਿੰਗ ਮੁਕਾਬਲੇ ਅਤੇ ਗੁਰਮਤਿ ਲਿਖਤੀ ਪੇਪਰ ਗੁ: ਨਵੀਨ ਸ੍ਰੀ ਗੁਰੂ ਸਿੰਘ ਸਭਾ, ਧਰਮਪੁਰਾ ਬਜ਼ਾਰ, ਪਟਿਆਲਾ ਵਿਖੇ ਕਰਵਾਏ ਗਏ। ਜਿਸ ਵਿੱਚ ਤਕਰੀਬਨ 1310 ਬੱਚਿਆਂ ਨੇ ਭਾਗ ਲਿਆ ਉਪਰੰਤ 2 ਦਸੰਬਰ 2018 ਨੂੰ ਚੁਪਹਿਰਾ ਜਪ ਤਪ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ਫਸਟ, ਸੈਕਿੰਡ, ਥਰਡ ਪੁਜੀਸ਼ਨ ਤੇ ਆਏ ਬੱਚਿਆਂ ਨੂੰ ਸਿੰਘ ਸਾਹਿਬ ਗਿਆਨੀ ਮਿਲਾਪ ਸਿੰਘ ਜੀ ਹੈੱਡ ਗ੍ਰੰਥੀ ਗੁ: ਸ੍ਰੀ ਹੇਮਕੁੰਟ ਸਾਹਿਬ, ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਬੀਬੀ ਪਰਮਜੀਤ ਕੌਰ ਜੀ ਨੇ ਕੀਰਤਨ ਉਪਰੰਤ ਵੱਡੇ ਇਨਾਮਾਂ ਨਾਲ ਸਨਮਾਨਿਤ ਕੀਤਾ। ਸਮਾਗਮ ਦੀਆਂ ਝਲਕੀਆਂ

1.



2.



3.



4.


5.


6.


7.


8.


9.


1. ਮਾਤਾ ਵਿਪਨਪ੍ਰੀਤ ਕੌਰ ਜੀ ਲੁਧਿਆਣੇ ਵਾਲਿਆਂ ਦਾ ਕੀਰਤਨੀ ਜੱਥਾ, 2. ਬੀਬੀ ਪਰਮਜੀਤ ਕੌਰ ਜੀ (ਪੰਮਾ ਭੈਣ ਜੀ) ਭਲਾਈ ਕੇਂਦਰ ਵਾਲੇ, 3. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਇਲਾਹੀ ਗੁਰਬਾਣੀ ਦਾ ਕਥਾ ਕੀਰਤਨ ਕਰਦੇ ਹੋਏ, 4. ਸੰਗਤਾਂ ਕੀਰਤਨ ਦਾ ਅਨੰਦ ਮਾਣਦੀਆਂ ਹੋਈਆਂ, 5. ਗੁਰਮਤਿ ਲਿਖਤੀ ਪੇਪਰ ਅਤੇ ਗੁਰਮਤਿ ਪੇਂਟਿੰਗ ਮੁਕਾਬਲੇ ਦੌਰਾਨ ਬੱਚੇ ਪੇਪਰ ਕਰਦੇ ਹੋਏ, 6. ਗੁਰਮਤਿ ਪੇਂਟਿੰਗ ਮੁਕਾਬਲੇ ਦੌਰਾਨ ਬੱਚਿਆਂ ਵੱਲੋਂ ਦਿਲ ਖਿੱਚਵੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਦੇਖਦੇ ਹੋਏ ਭਾਈ ਸਾਹਿਬ ਜੀ ਤੇ ਹੋਰ, 7. ਬੱਚਿਆਂ ਨੂੰ ਵੰਡੇ ਗਏ ਇਨਾਮਾਂ ਦਾ ਦ੍ਰਿਸ਼, 8–9. ਪੇਪਰਾਂ ਵਿਚ ਫਸਟ, ਸੈਕਿੰਡ, ਥਰਡ ਆਏ ਬੱਚਿਆਂ ਨੂੰ ਇਨਾਮ ਦੇਂਦੇ ਹੋਏ ਭਾਈ ਸਾਹਿਬ ਜੀ ਅਤੇ ਸਿੰਘ ਸਾਹਿਬ ਗਿਆਨੀ ਮਿਲਾਪ ਸਿੰਘ ਜੀ, ਬੀਬੀ ਬਲਜਿੰਦਰ ਕੌਰ ਜੀ (M.L.A. ਤਲਵੰਡੀ ਸਾਬੋ), ਬੀਬੀ ਪਰਮਜੀਤ ਕੌਰ ਜੀ, ਮਾਤਾ ਵਿਪਨਪ੍ਰੀਤ ਕੌਰ ਜੀ।

Asr. G.P.O.No. PB0001/ 2018-20

ੴ ਸਤਿਗੁਰ ਪ੍ਰਸਾਦਿ।।

ਅੰਕ-126ਵਾਂ (2019)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ, ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.) ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ, ਫੋਨ : 0183-2483920 (Ext. 27)

## ਤਤਕਰਾ

ਸੰਪਾਦਕੀ 4
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਦੂਜਾ ਭਾਗ- ਮਾਈ ਭਿਰਾਈ ਜੀ 5
ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ 15
ਜ਼ਿੰਦਗੀ ਦੀਆਂ ਬਰੀਕੀਆਂ 19
ਅਧਿਆਤਮਿਕ ਵਿਚਾਰਾਂ 22
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 23
ਸਾਕਾ ਸਰਹੰਦ 25
ਗੁਰੂ ਸਾਹਿਬ ਨਾਲ ਸਾਡਾ ਪਿਆਰ ਕੈਸਾ ਹੋਵੇ? 26
ਘਰ ਬੈਠੇ ਕੀਰਤਨ ਸਿੱਖੋ 32
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 33
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਬੇਨਤੀ 35
ਪਰਖ ਤੇ ਪ੍ਰਪੱਕਤਾ 36
ਅਨਮੋਲ ਬਚਨ 37
ज़िंदगी की बारीकियाँ 38
गुरु मानिओ ग्रंथ 41
सेवा करनी किस तरह है? 45
पूरा गुरु लंघावे पार कच्चा डोबे अध विचकार 50
The Very Name of Baba Deep Singh Ji
Contains All Powers 53
Guru Teg Bahadar's Action is Peerless 57
Greatness of Prayer 61

| ਚੰਦਾ | |
|---|---|
| ਸਲਾਨਾ ਚੰਦਾ (ਦੇਸ਼) | 100 ਰੁ. |
| ਸਲਾਨਾ ਚੰਦਾ (ਵਿਦੇਸ਼) | 800 ਰੁ. |
| 2 ਸਾਲ ਲਈ (ਦੇਸ਼) | 200 ਰੁ. |
| 2 ਸਾਲ ਲਈ (ਵਿਦੇਸ਼) | 1600 ਰੁ. |
| 5 ਸਾਲ ਲਈ (ਦੇਸ਼) | 400 ਰੁ. |
| 5 ਸਾਲ ਲਈ (ਵਿਦੇਸ਼) | 3200 ਰੁ. |
| ਲਾਈਫ ਮੈਂਬਰਸ਼ਿਪ (ਦੇਸ਼) | 1600 ਰੁ. |
| ਲਾਈਫ ਮੈਂਬਰਸ਼ਿਪ (ਵਿਦੇਸ਼) | 12800 ਰੁ. |

**ਨੋਟ**

ਸਿਫਤਿ ਸਾਲਾਹ ਵਿਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਹਨਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਸੰਪਾਦਕ

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ-
ਸਿਫਤਿ ਸਾਲਾਹ
ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006
ਫੋਨ : 98765-25850

# ਸੰਪਾਦਕੀ...

ਗੁਰੂ ਸਵਾਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪੋਹ ਦਾ ਮਹੀਨਾ ਸਿੱਖ ਇਤਿਹਾਸ ਵਿੱਚ ਬੜਾ ਵੈਰਾਗਮਈ ਮਹੀਨਾ ਰਹਿੰਦਾ ਹੈ। ਸ੍ਰਿਸ਼ਟੀ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਸ਼ਹੀਦੀ ਨਾਲ ਹਰ ਕਿਸੇ ਦੀਆਂ ਅੱਖਾਂ ਨਮ ਹੋ ਜਾਂਦੀਆਂ ਹਨ। ਇੱਕ ਐਸੀ ਸ਼ਹੀਦੀ ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਮਿਲਣੀ ਅਸੰਭਵ ਹੈ। ਕਿਸੇ ਦੂਜੇ ਦੀ ਇੱਜ਼ਤ ਖਾਤਰ, ਕਿਸੇ ਦੂਜੇ ਦੇ ਧਰਮ ਦੀ ਖਾਤਰ ਆਪ ਜਾ ਕੇ ਸ਼ਹੀਦੀ ਦਿੱਤੀ ਤੇ ਹੋਰ ਅਨੂਠੀ ਗੱਲ, ਪਿਤਾ ਜੀ ਦੇ ਸੀਸ ਦਾ ਸਸਕਾਰ ਅਲੱਗ ਜਗ੍ਹਾ ਤੇ ਹੋਇਆ ਤੇ ਧੜ ਦਾ ਸਸਕਾਰ ਅਲੱਗ ਜਗ੍ਹਾ ਤੇ ਹੋਇਆ। ਚਾਂਦਨੀ ਚੌਕ ਦੀ ਉਹ ਸਰ ਜ਼ਮੀਨ ਜਿਸ ਜ਼ਮੀਨ ਤੇ ਪਿਤਾ ਜੀ ਦੇ ਨਾਲ-ਨਾਲ ਉਨ੍ਹਾਂ ਦੇ ਪਿਆਰਿਆਂ ਨੇ, ਉਨ੍ਹਾਂ ਦੇ ਚਰਨਾਂ ਤੋਂ ਕੁਰਬਾਨ ਜਾਂਦਿਆਂ ਹੱਸ-ਹੱਸ ਕੇ ਆਪਣੇ ਆਪ ਨੂੰ ਵਾਰਿਆ। ਸ਼ਾਇਦ ਅਜਿਹੇ ਸਮੇਂ ਤਾਂ ਮੌਤ ਨੇ ਵੀ ਗੋਡੇ ਟੇਕ ਦਿੱਤੇ ਹੋਣਗੇ ਜਦੋਂ ਧੰਨ ਭਾਈ ਮਤੀ ਦਾਸ ਜੀ, ਧੰਨ ਭਾਈ ਸਤੀ ਦਾਸ ਜੀ, ਧੰਨ ਭਾਈ ਦਿਆਲਾ ਜੀ ਨੇ ਧਰਮ ਦੀ ਖਾਤਰ ਆਪਣਾ ਆਪ ਵਾਰ ਦਿੱਤਾ, ਆਪਣਾ ਆਪ ਕੁਰਬਾਨ ਕਰ ਦਿੱਤਾ, ਆਪਣਾ ਆਪ ਨਿਛਾਵਰ ਕਰ ਦਿੱਤਾ। ਪਿਤਾ ਜੀ ਦੀ ਸ਼ਹੀਦੀ ਤੋਂ ਪਹਿਲਾਂ ਇਹ ਤਿੰਨ ਸ਼ਹੀਦੀਆਂ ਹੋਈਆਂ। ਤਿੰਨੇ ਸ਼ਹੀਦੀਆਂ ਦੁਨੀਆਂ ਦੇ ਇਤਿਹਾਸ ਵਿੱਚ ਨਿਵੇਕਲੀਆਂ ਹਨ। ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਜਾ ਰਿਹਾ ਹੈ ਪਰ ਗੁਰੂ ਦਾ ਪਿਆਰਾ ਆਪਣੇ ਸਰੀਰ ਦੇ ਟੋਟੇ ਕਰਵਾ ਕੇ ਵੀ ਆਪਣੇ ਆਪ ਨੂੰ ਸੁਭਾਗਾ ਸਮਝ ਰਿਹਾ ਹੈ ਕਿ ਇਹ ਜ਼ਿੰਦ ਪਿਤਾ ਜੀ ਦੇ ਚਰਨਾਂ ਦੇ ਲੇਖੇ ਲੱਗ ਗਈ। ਸਰੀਰ ਤੇ ਆਰਾ ਚੱਲ ਰਿਹਾ ਹੈ, ਸਰੀਰ ਦੇ ਦੋ ਟੋਟੇ ਹੋ ਰਹੇ ਹਨ ਪਰ ਜਪੁਜੀ ਸਾਹਿਬ ਦੇ ਪਾਠ ਦੀ ਨਿਰੰਤਰ ਧੁਨ ਉਨ੍ਹਾਂ ਦੋਵੇਂ ਸਰੀਰ ਦੇ ਟੋਟਿਆਂ ਵਿੱਚ ਮਿੱਠੀ-ਮਿੱਠੀ ਸੁਣਾਈ ਦੇ ਰਹੀ ਹੈ। ਕੈਸਾ ਪਿਆਰ ਹੈ, ਗੁਰੂ ਦੇ ਸਿੱਖ ਦਾ ਗੁਰੂ ਦੀ ਬਾਣੀ ਨਾਲ, ਕੈਸਾ ਪਿਆਰ ਹੈ ਗੁਰੂ ਦੇ ਚਰਨਾਂ ਨਾਲ। ਧੰਨ ਹਨ, ਗੁਰੂ ਦੇ ਪਿਆਰੇ ਤੇ ਧੰਨ ਉਨ੍ਹਾਂ ਦੀ ਸਿੱਖੀ। ਭਾਈ ਦਿਆਲਾ ਜੀ ਨੂੰ ਉਬਲਦੇ ਦੇਗੇ ਵਿੱਚ ਬਿਠਾਇਆ ਹੋਇਆ ਹੈ, ਹੇਠਾਂ ਅੱਗ ਬਲ ਰਹੀ ਹੈ ਤੇ ਉਹ ਗੁਰੂ ਦਾ ਪਿਆਰਾ ਵੀ, ਇੰਨਾ ਗੁਰੂ ਦੇ ਚਰਨਾਂ ਤੋਂ ਬਲਿਹਾਰ ਜਾ ਰਿਹਾ ਹੈ ਕਿ ਇਸ ਅਗਨੀ ਦਾ ਸੇਕ ਉਸ ਨੂੰ ਮਹਿਸੂਸ ਹੀ ਨਹੀਂ ਹੋ ਰਿਹਾ। ਕੈਸਾ ਸਿਦਕ ਹੈ। ਭਾਈ ਸਤੀ ਦਾਸ ਜੀ ਦੇ ਸਰੀਰ ਤੇ ਰੂੰ ਲਪੇਟ ਕੇ ਅੱਗ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ ਪਰ ਉਹ ਵੀ ਗੁਰੂ ਦਾ ਪਿਆਰਾ ਗੁਰੂ ਦੇ ਚਰਨਾਂ ਤੋਂ ਆਪਣਾ ਆਪ ਨਿਛਾਵਰ ਕਰ ਰਿਹਾ ਹੈ। ਕੈਸੀਆਂ ਕਮਾਈਆਂ ਕੀਤੀਆਂ ਹਨ, ਗੁਰੂ ਦੇ ਪਿਆਰੇ ਸਿੱਖਾਂ ਨੇ।

ਸਤਿਗੁਰੂ ਜੀ ਦੇ ਸ਼ਹੀਦੀ ਦਿਹਾੜੇ ਤੋਂ ਕੁਝ ਦਿਨਾਂ ਬਾਅਦ ਉਹ ਸਾਕੇ ਵੀ ਨਾਲ ਹੀ ਆ ਜਾਂਦੇ ਹਨ ਜਿਨ੍ਹਾਂ ਨੂੰ ਇਤਿਹਾਸ ਵਿੱਚ ਨਿੱਕੀਆਂ ਜਿੰਦਾਂ ਵੱਡੇ ਸਾਕੇ ਕਹਿ ਕੇ ਸਤਿਕਾਰਿਆ ਜਾਂਦਾ ਹੈ। 21 ਦਸੰਬਰ (6 ਪੋਹ) ਤੋਂ ਲੈ ਕੇ 29 ਦਸੰਬਰ ਤੱਕ, 1705 ਈਸਵੀ ਦੇ ਉਹ ਦਿਹਾੜੇ ਲੂੰ ਕੰਢੇ ਖੜ੍ਹੇ ਕਰ ਦਿੰਦੇ ਹਨ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਰਿਵਾਰ ਵੀ ਵਿਛੜਿਆ, ਚਾਰ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ, ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਤੇ ਗੁਰੂ ਤੋਂ ਵਾਰਨੇ ਜਾਂਦੇ ਅਨੇਕਾਂ ਗੁਰੂ ਦੇ ਪਿਆਰਿਆਂ ਦੀਆਂ ਸ਼ਹੀਦੀਆਂ। ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਸ੍ਰੀ ਚਮਕੌਰ ਸਾਹਿਬ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਤੱਕ ਦਾ ਇਹ ਸ਼ਹੀਦੀ ਮਾਰਗ ਇਨ੍ਹਾਂ ਦਿਨਾਂ ਵਿੱਚ ਸੰਗਤਾਂ ਦੇ ਪਿਆਰ ਤੇ ਉਤਸ਼ਾਹ ਨਾਲ ਭਰਪੂਰ ਰਹਿੰਦਾ ਹੈ ਕਿਉਂਕਿ ਹਰ ਕੋਈ ਲੋਚਦਾ ਹੈ ਕਿ ਇਨ੍ਹਾਂ ਪਾਵਨ ਅਸਥਾਨਾਂ ਦੀ ਧੂੜੀ ਮਸਤਕ ਨੂੰ ਲਗਾਈਏ।

ਆਓ, ਇਨ੍ਹਾਂ ਸ਼ਹੀਦੀ ਸਾਕਿਆਂ ਨੂੰ ਯਾਦ ਕਰਦਿਆਂ ਅਸੀਂ ਆਪਣੇ ਘਰਾਂ ਵਿੱਚ ਅੰਮ੍ਰਿਤ ਵੇਲਾ ਬਣਾਈਏ, ਅੰਮ੍ਰਿਤਮਈ ਬਾਣੀ ਨਾਲ ਜੁੜੀਏ ਤੇ ਅੰਮ੍ਰਿਤ ਦੀ ਦਾਤ ਬਿਨ੍ਹਾਂ ਕਿਸੇ ਦੇਰੀ ਤੋਂ ਗੁਰੂ ਦਾ ਹੁਕਮ ਸਮਝਦਿਆਂ ਤੁਰੰਤ ਗ੍ਰਹਿਣ ਕਰੀਏ। ਆਪਣੇ ਬੱਚਿਆਂ ਨੂੰ ਇਨ੍ਹਾਂ ਦਿਨਾਂ ਵਿੱਚ ਸ਼ਹੀਦੀ ਸਾਕਿਆਂ ਦੀਆਂ ਸਾਖੀਆਂ ਸੁਣਾ ਕੇ ਉਨ੍ਹਾਂ ਅੰਦਰ ਸਿੱਖੀ ਦਾ ਜ਼ਜ਼ਬਾ ਪ੍ਰਫੁਲਿਤ ਕਰੀਏ ਤੇ ਘੱਟੋ-ਘੱਟ ਇਨ੍ਹਾਂ ਦਿਨਾਂ ਵਿੱਚ ਕੋਈ ਵੀ ਖੁਸ਼ੀ ਦਾ ਕਾਰਜ ਸੰਕੋਚਦਿਆਂ ਬਾਣੀ ਤੇ ਸਿਮਰਨ ਦਾ ਵੱਧ ਤੋਂ ਵੱਧ ਪਹਿਰਾ ਲਗਾਈਏ।

*ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥*

*—ਸੰਪਾਦਕ*

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਦੂਜਾ ਭਾਗ- ਮਾਈ ਭਿਰਾਈ ਜੀ

## ਉਹ ਕਿਹੜੀ ਬੀਬੀ ਸੀ ਜਿਨ੍ਹਾਂ ਦੇ ਪਰਸ਼ਾਦੇ ਵਿੱਚੋਂ ਭਾਈ ਮਰਦਾਨਾ ਜੀ ਨੂੰ ਬੇਬੇ ਨਾਨਕੀ ਜੀ ਦੇ ਪਰਸ਼ਾਦੇ ਵਾਲਾ ਸੁਆਦ ਆਇਆ।

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—"ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਨਵਾਂ ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਤਿਗੁਰੂ ਰਹਿਮਤ ਕਰਕੇ ਨਵੇਂ ਪ੍ਰਕਰਨ ਸਿੱਖ ਪੰਥ ਦੀਆਂ ਸਤਿਕਾਰਤ ਦੂਸਰਾ ਭਾਗ- ਮਾਈ ਭਿਰਾਈ ਜੀ, ਜਿਨ੍ਹਾਂ ਦੇ ਪਰਸ਼ਾਦੇ ਵਿੱਚੋਂ ਜੀ ਆਪਣੀ ਬੀਬੀਆਂ ਵਿੱਚੋਂ ਭਾਈ ਮਰਦਾਨਾ ਜੀ ਨੂੰ ਬੇਬੇ ਨਾਨਕੀ ਜੀ ਦੇ ਪਰਸ਼ਾਦੇ ਵਾਲਾ ਸੁਆਦ ਆਇਆ ਤੇ ਵਿਚਾਰਾਂ ਸਾਂਝੀਆਂ ਕਰਵਾਉਣ ਤੇ ਇਨ੍ਹਾਂ ਦੇ ਗੁਣਾਂ ਨੂੰ ਪੜ੍ਹ ਕੇ ਅਰਦਾਸ ਕਰੀਏ ਕਿ ਸਾਡੇ ਪਰਿਵਾਰਾਂ ਵਿੱਚ ਵੀ ਇਹ ਗੁਣ ਆਉਣ ਤੇ ਖਾਸ ਕਰਕੇ ਸਾਡੀਆਂ ਮਾਵਾਂ, ਧੀਆਂ, ਭੈਣਾਂ ਮਾਈ ਭਿਰਾਈ ਜੀ ਦੇ ਗੁਣਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕਣ।

*—ਸੰਪਾਦਕ*

ਸ਼ਬਦ

*ਮ: ੧ ॥*
*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*
*(ਅੰਗ ੪੭੩)*

ਸਾਰੀ ਸੰਗਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਵਿੱਚ, ਸਤਿਕਾਰ ਵਿੱਚ ਭਿੱਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਕਈ ਵਾਰ ਸੋਚਣ ਵਿੱਚ ਆਉਂਦਾ ਹੈ, ਪਿਤਾ ਜੀ, ਧੰਨ ਗੁਰੂ ਨਾਨਕ ਸਾਹਿਬ ਨੇ ਘਰ ਦੀ ਹਰ ਚੀਜ਼ ਇਸ ਤਰ੍ਹਾਂ ਸੋਚ ਸਮਝ ਕੇ ਸਾਨੂੰ ਬਖਸ਼ਿਸ਼ ਕੀਤੀ ਹੈ ਕਿ ਅਗਰ ਧੰਨ ਗੁਰੂ ਨਾਨਕ ਸਾਹਿਬ ਦੇ ਘਰ ਨੂੰ ਸਮਝ ਲਈਏ ਤੇ ਸਿੱਖ ਦੀ ਸਿੱਧੀ ਸੜਕ ਸੱਚਖੰਡ ਜਾਂਦੀ ਹੈ। ਹਰ ਚੀਜ਼ ਵਿਧੀ ਨਾਲ, ਜੁਗਤੀ ਨਾਲ ਝੋਲੀ ਵਿੱਚ ਪਾਈ ਹੈ। ਕਈ

ਜਗ੍ਹਾ ਤੇ ਕੁਝ ਲੋਕ ਜੋੜਾ ਪਾ ਕੇ ਨਹੀਂ ਤੁਰਦੇ ਕਿ ਸਾਡੇ ਪੈਰ ਥੱਲੇ ਆ ਕੇ ਕੋਈ ਜੀਅ ਨਾ ਮਰ ਜਾਵੇ, ਹੋਰ ਵੀ ਕਈ ਸਾਧਨ ਕਰਦੇ ਹਨ ਪਰ ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਇਸ ਤਰ੍ਹਾਂ ਦੀ ਸੜਕ ਦਿੱਤੀ ਹੈ ਕਿ ਸਹਿਜ ਸੁਭਾਅ ਤੇਰੇ ਪੈਰਾਂ ਥੱਲੇ ਕੋਈ ਜੀਅ ਆ ਰਹੇ ਹਨ, ਉਨ੍ਹਾਂ ਦਾ ਮਰ ਜਾਣਾ, ਗੱਲ ਕੁਝ ਹੋਰ ਹੈ, ਕਿਸੇ ਜੀਅ ਨੂੰ ਆਪਣੀ ਜ਼ੁਬਾਨ ਦੇ ਸੁਆਦ ਲਈ ਮਾਰਨਾ, ਗੱਲ ਕੁਝ ਹੋਰ ਹੈ। ਤੁਹਾਨੂੰ ਉਨ੍ਹਾਂ ਔਖੇ ਸਾਧਨਾਂ ਤੋਂ ਵੀ ਬਚਾਇਆ ਹੈ, ਜਿੰਨੀ ਸੜਕ ਲੋੜ ਹੈ, ਉਹ ਹੀ ਦਿੱਤੀ ਹੈ ਕਿ ਵੇਖੀਂ ਕਿਸੇ ਜੀਅ ਨੂੰ ਜ਼ੁਬਾਨ ਦੇ ਸੁਆਦ ਲਈ ਨਾ ਮਾਰੀਂ। ਇਸ ਤਰ੍ਹਾਂ ਸਹਿਜ ਸੁਭਾਅ ਕਈ ਜੀਅ ਪੈਰ੍ਹਾਂ ਥੱਲੇ ਆ ਜਾਂਦੇ ਹਨ, ਉਹ ਉਸ ਦੀ ਕੁਦਰਤ ਹੈ। ਹਰ ਚੀਜ਼ ਵਿਧੀ ਤੇ ਸੋਚ ਨਾਲ ਝੋਲੀ ਵਿੱਚ ਪਾਈ ਹੈ। ਬਾਰ-ਬਾਰ ਗੁਰੂ ਸਾਹਿਬ ਜੀ ਦੇ ਚਰਨ ਚੁੰਮਣ ਤੇ ਦਿਲ ਕਰਦਾ ਹੈ। ਕਿਸੇ ਪੱਖ ਨੂੰ ਵੀ ਲੈ ਲਈਏ। ਜੇ ਬਹੁਤਾ ਬੋਲਣ ਤੇ ਚਿੱਤ ਕਰੇ ਤੇ ਬਾਬਾ ਜੀ ਤਾਂ ਵੀ ਰੋਕਦੇ ਹਨ :

*ਬਹੁਤਾ ਬੋਲਣੁ ਝਖਣੁ ਹੋਇ ॥*

*(ਅੰਗ ੬੬੧)*

ਜੇ ਤੂੰ ਚੁੱਪ ਹੀ ਰਹਿਣਾ ਸ਼ੁਰੂ ਕਰ ਦੇਵੇਂ, ਸੁਭਾਅ ਸੜਿਆ ਬਣਾ ਲਵੇਂ, ਬਾਬਾ ਜੀ ਤਾਂ ਵੀ ਰੋਕਦੇ ਹਨ।

*ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥*

*(ਸ੍ਰੀ ਜਪੁ ਜੀ ਸਾਹਿਬ)*

ਮਹਾਰਾਜ ਜੀ, ਫਿਰ ਕਿਧਰ ਜਾਵਾਂ? ਕਹਿੰਦੇ, ਗੁਰਸਿੱਖ ਥੋੜ੍ਹਾ ਬੋਲੇ। ਗੁਰਸਿੱਖ ਇੰਝ ਚਲੇ :

*ਸੰਤੁ ਮਿਲੈ ਕਿਛੁ ਸੁਨੀਐ ਕਹੀਐ ॥*
*ਮਿਲੈ ਅਸੰਤੁ ਮਸਟਿ ਕਰਿ ਰਹੀਐ ॥*

*(ਅੰਗ ੮੭੦)*

ਕੋਈ ਅਸੰਤ ਮਿਲ ਗਿਆ ਹੈ, ਉੱਥੇ ਚੁੱਪ ਕਰ ਜਾ। ਕੋਈ ਗੁਰਮੁਖ ਮਿਲਿਆ ਹੈ, ਉੱਥੇ ਕੁਝ ਬੋਲ, ਕੁਝ ਸੁਣ। ਗੁਰੂ ਸਾਹਿਬ ਜੀ ਦੇ ਚਰਨ ਚੁੰਮਣ ਤੇ ਦਿਲ ਕਰਦਾ ਹੈ। ਇਸ ਤਰ੍ਹਾਂ ਜਿਹੜਾ ਇਹ ਪ੍ਰਕਰਨ ਸ਼ੁਰੂ ਹੋਇਆ ਹੈ।

## ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ

ਸਤਿਕਾਰ ਸਭ ਦਾ ਹੈ ਪਰ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਵਿੱਚ ਔਰਤ ਨੂੰ ਕਿੰਨਾ ਮਾਣ, ਸਤਿਕਾਰ ਦਿੱਤਾ ਗਿਆ ਹੈ। ਕਲਕੱਤੇ ਵਿੱਚ ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਬੀਬੀਆਂ ਨੂੰ ਆਪਣੇ ਸੱਜੇ ਹੱਥ ਬਿਠਾਇਆ ਤੇ ਮੁੱਖ ਵਿੱਚੋਂ ਬਚਨ ਕੀਤਾ, ਇਹ ਮੇਰੀ ਬੜੀ ਸੰਗਤ ਹੈ। ਉੱਥੇ ਗੁਰਦੁਆਰਾ ਬੜੀ ਸੰਗਤ ਹੈ। ਆਸਾ ਜੀ ਦੀ ਵਾਰ ਵਿੱਚ ਦਰਜ ਸ਼ਬਦ ਨੂੰ ਜਿਹੜਾ ਆਧਾਰ ਬਣਾਇਆ ਹੈ, ਇਸ ਵਿੱਚ ਵੀ ਇਹ ਖੁਸ਼ਬੂ ਆਉਂਦੀ ਹੈ ਕਿ ਔਰਤ ਨੂੰ ਮੰਦਾ ਕਿਉਂ ਕਹਿੰਦੇ ਹੋ, ਜਿਹੜੀ ਮਹਾਂਪੁਰਸ਼ਾਂ ਤੇ ਰਾਜਿਆਂ ਮਹਾਰਾਜਿਆਂ ਨੂੰ ਜਨਮ ਦਿੰਦੀ ਹੈ। ਅੱਜ ਦੂਜਾ ਭਾਗ ਹੈ। ਪਹਿਲੇ ਭਾਗ ਵਿੱਚ ਤੁਸੀਂ ਬੀਬੀ ਵੀਰੋ ਜੀ ਦੇ ਬਚਨਾਂ ਨੂੰ ਸੁਣਿਆ ਹੈ ਤੇ ਅੱਜ ਸਿਰ ਤੇ ਹੱਥ ਰੱਖਣਾ, ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਭਾਗ ਦੂਜਾ, ਅੱਜ ਕਿਹੜੀ ਬੀਬੀ ਦੇ ਦਰਸ਼ਨ ਕਰਨੇ ਹਨ। ਜਿਸ ਬੀਬੀ ਦੇ ਘਰ ਸਾਡੇ ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਆਸਣ ਲਗਾਇਆ, ਸਾਡੇ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਆਸਣ ਲਗਾਇਆ, ਉਸ ਬੀਬੀ ਦਾ ਨਾਂ ਮਾਈ ਭਿਰਾਈ ਜੀ। ਬੜੀ ਪਿਆਰ ਵਾਲੀ ਇਹ ਬੀਬੀ। ਮਾਈ ਭਿਰਾਈ ਜੀ ਦੇ ਪਿਤਾ ਜੀ ਦਾ ਨਾਂ ਚੌਧਰੀ ਤਖਤ ਮੱਲ। ਕਈ ਜਗ੍ਹਾ ਤੇ ਮਾਈ ਵਿਰਾਈ ਜੀ ਕਹਿੰਦੇ ਹਨ, ਕਈ ਜਗ੍ਹਾ ਤੇ ਮਾਈ ਭਿਰਾਈ ਵੀ ਕਿਹਾ ਜਾਂਦਾ ਹੈ। ਬਹੁਤ ਸਾਰੇ ਰਾਈਟਰਾਂ ਨੇ ਲਿਖਿਆ ਹੈ ਕਿ ਇਹ ਨਾਂ ਕਿਉਂ ਪਿਆ? ਸੱਤ ਭਰਾਵਾਂ ਤੋਂ ਬਾਅਦ ਇਨ੍ਹਾਂ ਦਾ ਜਨਮ ਹੋਇਆ। ਇਨ੍ਹਾਂ ਦੇ ਸੱਤ ਭਰਾ ਸੀ। ਪਹਿਲਾਂ ਨਾਂ ਸੀ, ਸੱਤ ਭਿਰਾਈ। ਕਿਧਰੇ-ਕਿਧਰੇ ਇਲਾਕੇ ਵਾਲੇ ਇਨ੍ਹਾਂ ਨੂੰ




*ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕੀਰਤਨ-ਕਥਾ ਵੀਚਾਰਾਂ ਸਾਂਝੀਆਂ ਕਰਦੇ ਹੋਏ।*

ਕਹਿੰਦੇ ਸੀ, ਮਾਈ ਸੱਤ ਵਿਰਾਈ। ਤੁਸੀਂ ਸਮਝ ਲੈਣਾ, ਸੱਤ ਵਿਰਾਈ, ਸੱਤ ਵੀਰਾਂ ਵਾਲੀ। ਸੱਤ ਭਿਰਾਈ, ਸੱਤਾਂ ਭਰਾਵਾਂ ਵਾਲੀ। ਇਹ ਨਾਂ ਇੰਝ ਪਿਆ ਹੈ। ਇਨ੍ਹਾਂ ਦੇ ਸੱਤ ਭਰਾ ਤੇ ਅੱਠਵਾਂ ਇਨ੍ਹਾਂ ਦਾ ਜਨਮ ਹੋਇਆ, ਚੌਧਰੀ ਤਖਤ ਮੱਲ ਜੀ ਦੇ ਘਰ। ਮਾਈ ਸੱਤ ਭਿਰਾਈ, ਮਾਈ ਸੱਤ ਵਿਰਾਈ ਤੇ ਹੌਲੀ-ਹੌਲੀ ਨਾਂ ਇਤਿਹਾਸ ਵਿੱਚ, ਮਾਈ ਭਿਰਾਈ, ਭਰਾਵਾਂ ਵਾਲੀ ਮਾਈ ਪੈ ਗਿਆ। ਇਹ ਨਾਂ ਜ਼ਿਆਦਾ ਲਿਆ ਗਿਆ ਹੈ। ਇਹ ਮਾਈ ਭਿਰਾਈ ਇਨ੍ਹਾਂ ਦਾ ਵਿਆਹ ਖਡੂਰ ਸਾਹਿਬ ਹੋਇਆ ਹੈ। ਘਰਵਾਲੇ ਦਾ ਨਾਂ ਹੈ, ਚੌਧਰੀ ਮਹਿਮਾ, ਪਿਤਾ ਜੀ ਦਾ ਨਾਂ ਚੌਧਰੀ ਤਖਤ ਮੱਲ। ਖਡੂਰ ਸਾਹਿਬ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਅਜੇ ਗੁਰਗੱਦੀ ਤੇ ਨਹੀਂ ਸੀ ਬੈਠੇ ਤੇ ਧੰਨ ਗੁਰੂ ਅੰਗਦ ਦੇਵ ਜੀ ਦੇ ਪਿਤਾ ਭਾਈ ਫੇਰੂ ਮੱਲ ਜੀ ਨਾਲ ਭੈਣਾਂ-ਭਰਾਵਾਂ ਵਰਗਾ ਪਿਆਰ ਸੀ, ਮਾਈ ਭਿਰਾਈ ਜੀ ਦਾ। ਹੁਣ ਸਮਾਂ ਬਣਿਆ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ ਆਪਣੀ ਉਦਾਸੀ ਵੇਲੇ ਖਡੂਰ ਸਾਹਿਬ ਆਏ ਹਨ ਤੇ ਇੱਕ ਖੂਹ ਦੇ ਕੋਲ ਪਿੱਪਲ ਦੀ ਛਾਂ ਥੱਲੇ ਧੰਨ ਗੁਰੂ ਨਾਨਕ ਮਹਾਰਾਜ ਬੈਠੇ ਸਨ ਤੇ ਪਹਿਲਾ ਮੇਲ ਮਾਈ ਭਿਰਾਈ ਜੀ ਦਾ ਉੱਥੇ ਹੋਇਆ ਹੈ। ਉਸ ਮੇਲ ਦੇ ਦਰਸ਼ਨ ਕਰਿਓ, ਜੇ ਗੁਰੂ ਸਾਹਿਬ ਨੇ ਕਿਰਪਾ ਕੀਤੀ ਤੇ ਅਨੰਦ ਆਵੇਗਾ ਕਿ ਵੇਖੋ ਪਹਿਲਾ ਮੇਲ ਕਿਵੇਂ ਹੋਇਆ। ਮਾਈ ਭਿਰਾਈ ਜੀ ਨੂੰ ਪਤਾ ਲੱਗਾ ਹੈ ਕਿ ਖੂਹ ਤੇ ਕੋਈ ਫਕੀਰ ਆਏ ਹਨ, ਬਖਸ਼ੀ ਰੂਹ ਆਈ ਹੈ। ਇਹ ਵੀ ਦਰਸ਼ਨ ਕਰਨ ਗਏ। ਮਾਈ ਭਿਰਾਈ ਜੀ ਨੇ ਜਦੋਂ ਗੁਰੂ ਨਾਨਕ ਮਹਾਰਾਜ ਜੀ ਦੇ ਦਰਸ਼ਨ ਕੀਤੇ ਤੇ ਠਠੰਬਰ ਗਏ। ਮੱਥਾ ਟੇਕਿਆ, ਠਠੰਬਰ ਗਏ, ਦੋਵੇਂ ਹੱਥ ਜੋੜੇ, ਮੂੰਹ ਵਿੱਚੋਂ ਨਿਕਲਿਆ, ਗੁਰੂ ਨਾਨਕ ਮਹਾਰਾਜ ਜੀ ਦੇ ਅੱਗੇ ਕਿ ਜੀ, ਕੋਈ ਉਪਦੇਸ਼ ਦਿਓ। ਗੁਰੂ ਨਾਨਕ ਮਹਾਰਾਜ ਜੀ ਦੇ ਪਹਿਲੇ ਦਰਸ਼ਨ, ਮਾਈ ਭਿਰਾਈ ਜੀ ਨੂੰ ਖਡੂਰ ਸਾਹਿਬ ਵਿਖੇ

ਖੂਹ ਤੇ ਪਿੱਪਲ ਦੀ ਛਾਂ ਥੱਲੇ ਬੈਠੇ ਹੋਏ। ਮਾਈ ਭਿਰਾਈ ਜੀ ਕਹਿੰਦੇ, ਮਹਾਰਾਜ ਜੀ, ਕੋਈ ਉਪਦੇਸ਼ ਦਿਓ। ਭਾਈ ਵੀਰ ਸਿੰਘ ਜੀ, ਭਾਈ ਚਰਨ ਸਿੰਘ ਜੀ, ਸਿਮਰਨ ਕੌਰ, ਅਲੱਗ-ਅਲੱਗ ਰਾਈਟਰਾਂ ਦੀਆਂ ਕਿਤਾਬਾਂ ਵਿੱਚ ਲਿਖਿਆ ਹੈ, ਮਾਈ ਭਿਰਾਈ ਜੀ ਕਹਿੰਦੇ, ਕੋਈ ਉਪਦੇਸ਼ ਦਿਓ ਤੇ ਅੱਗੋਂ ਗੁਰੂ ਨਾਨਕ ਮਹਾਰਾਜ ਜੀ ਨੇ ਬਚਨ ਕੀਤਾ, ਪੁੱਤਰੀ, ਮਰ ਜਾਓ। ਕੀ ਮਤਲਬ ਸੀ? ਕਿ ਅੰਦਰ ਮਨ ਨੂੰ ਮਾਰ ਕੇ ਫਿਰ ਜਿਹੜਾ ਜੀਵਨ ਮਿਲਦਾ ਹੈ, ਉਹ ਸਦੀਵੀ ਜੀਵਨ ਹੈ। ਪੁੱਤਰੀ, ਮਨ ਨੂੰ ਮਾਰ ਦੇ, ਮਰ ਜਾਓ। ਪੁੱਤਰੀ, ਉਹ ਚੀਜ਼ ਨੂੰ ਮਾਰ ਦੇ, ਇਹ ਉਪਦੇਸ਼ ਹੈ। ਬੜਾ ਉਪਦੇਸ਼ ਅਸਰ ਕੀਤਾ। ਹੱਥ ਜੋੜ ਕੇ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਮਹਾਰਾਜ! ਪਰਸ਼ਾਦਾ ਬਣਾ ਕੇ ਲਿਆਵਾਂ। ਪਿਆਰ ਸੀ, ਮਹਾਰਾਜ ਜੀ ਕਹਿੰਦੇ, ਲੈ ਆਓ। ਘਰ ਗਏ, ਮਾਇਆ ਵਾਲੇ ਸਨ, ਜ਼ਮੀਨਾਂ ਵਾਲੇ ਸੀ। ਪਰਸ਼ਾਦੇ ਦੀ ਤਿਆਰੀ ਸ਼ੁਰੂ ਹੋਈ ਤੇ ਮਾਈ ਭਿਰਾਈ ਜੀ ਆਪ ਸੇਵਾ ਕਰ ਰਹੇ ਹਨ ਤੇ ਨੌਕਰਾਣੀ ਕਹਿੰਦੀ ਹੈ, ਤੁਸੀਂ ਕਿਉਂ ਧੂੰਏਂ ਨਾਲ ਮੱਥਾ ਮਾਰ ਰਹੇ ਹੋ, ਮੈਂ ਆਪੇ ਪਕਾ ਲੈਂਦੀ ਹਾਂ। ਇੱਥੇ ਦਾਸ ਹੈਰਾਨ ਹੋ ਗਿਆ ਤੇ ਤੁਸੀਂ ਕੁਝ ਝੋਲੀ ਵਿੱਚ ਪਾਇਓ। ਨੌਕਰਾਣੀ ਕਹਿੰਦੀ ਹੈ, ਤੁਸੀਂ ਧੂੰਏਂ ਨਾਲ ਕਿਉਂ ਮੱਥਾ ਮਾਰਦੇ ਹੋ, ਮੈਂ ਪਕਾ ਲੈਂਦੀ ਹਾਂ। ਦਾਸ ਬੇਨਤੀ ਕਰਦਾ ਹੈ ਕਿ ਜਿੰਨੀ ਸੰਗਤ ਆਈ ਹੈ, ਅੱਜ ਮਾਈ ਭਿਰਾਈ ਵਰਗੀ ਭਾਵਨਾ ਬਣਾਉਣਾ। ਜਦੋਂ ਨੌਕਰਾਣੀ ਨੇ ਇਹ ਗੱਲ ਕਹੀ ਤੇ ਮਾਈ ਭਿਰਾਈ ਜੀ ਕਹਿੰਦੇ, ਸਾਰੇ ਸੰਸਾਰ ਨੂੰ ਚਾਨਣ ਦੇਣ ਵਾਲੇ ਦਾਤੇ ਨੂੰ ਅੱਜ ਪਰਸ਼ਾਦਾ ਛਕਾਉਣਾ ਹੈ। ਵੇਖੋ ਭਾਵਨਾ। ਮਾਈ ਭਿਰਾਈ ਜੀ ਕੀ ਕਹਿੰਦੇ ਹਨ, ਸਾਰੇ ਸੰਸਾਰ ਨੂੰ ਚਾਨਣ ਦੇਣ ਵਾਲੇ ਦਾਤੇ ਨੂੰ ਅੱਜ ਪਰਸ਼ਾਦਾ ਛਕਾਉਣਾ ਹੈ। ਅੱਜ ਮੈਨੂੰ ਸੇਵਾ ਕਰ ਲੈਣ ਦੇ। ਭਾਈ ਵੀਰ ਸਿੰਘ ਜੀ ਨੇ, ਦੂਜੇ ਲਫਜ਼ ਲਿਖੇ ਹਨ, ਤੁਸੀਂ ਵੀ ਭਾਵਨਾ ਬਣਾਉਣਾ। ਪਹਿਲੇ ਇਹ ਲਫਜ਼ ਬੜੀ ਭਾਵਨਾ ਬਣਾਉਂਦੇ ਹਨ, ਮਾਈ ਭਿਰਾਈ ਦੀ ਗੁਰੂ ਨਾਨਕ ਮਹਾਰਾਜ ਲਈ ਇਹ ਭਾਵਨਾ ਕਿ ਸਾਰੇ ਸੰਸਾਰ ਨੂੰ ਚਾਨਣਾ ਦੇਣ ਵਾਲੇ ਨੂੰ ਪਰਸ਼ਾਦਾ ਛਕਾਉਣਾ ਹੈ ਤੇ ਆਪਣੀ ਨੌਕਰਾਣੀ ਨੂੰ ਕਹਿੰਦੇ ਹਨ, ਭੋਲੀਏ, ਰਿਜ਼ਕ ਦੇਣ ਵਾਲੇ ਦਾਤੇ ਨੂੰ ਅੱਜ ਪਰਸ਼ਾਦਾ ਛਕਾਉਣਾ ਹੈ। ਨਾਲ-ਨਾਲ ਹਾਜ਼ਰੀ ਲਗਾਇਓ। ਦਾਸ ਨੂੰ ਨਹੀਂ ਪਤਾ ਕਿ ਤੁਹਾਡੀ ਧੰਨ ਗੁਰੂ ਨਾਨਕ ਮਹਾਰਾਜ ਜੀ ਪ੍ਰਤੀ ਪਰਮੇਸ਼ਰ ਵਰਗੀ ਭਾਵਨਾ ਬਣੀ ਹੈ ਜਾਂ ਨਹੀਂ ਪਰ ਵੇਖੋ, ਮਾਈ ਨੇ ਇੱਕ ਵਾਰੀ ਦਰਸ਼ਨ ਕੀਤੇ ਹਨ ਤੇ ਭਾਵਨਾ ਕੀ ਹੈ? ਰਿਜ਼ਕ ਦੇਣ ਵਾਲੇ ਧੰਨ ਗੁਰੂ ਨਾਨਕ ਮਹਾਰਾਜ ਜੀ ਹਨ। ਸਾਰੇ ਸੰਸਾਰ ਨੂੰ ਚਾਨਣਾ ਦੇਣ ਵਾਲੇ ਧੰਨ ਗੁਰੂ ਨਾਨਕ ਮਹਾਰਾਜ ਜੀ ਹਨ।

*ਸਭ ਤੇ ਵਡਾ ਸਤਿਗੁਰੁ ਨਾਨਕੁ*
*ਜਿਨਿ ਕਲ ਰਾਖੀ ਮੇਰੀ ॥*

*(ਅੰਗ ੭੫੦)*

ਦਾਸ ਦੀ ਹੱਥ ਜੋੜ ਕੇ ਬੇਨਤੀ ਹੈ, ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਵਿੱਚੋਂ ਸਾਨੂੰ ਦਸਾਂ ਪਾਤਸ਼ਾਹੀਆਂ ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੇ ਪਰਮੇਸ਼ਰ ਵਾਲੀ ਭਾਵਨਾ ਹੋਵੇ। ਮਾਈ ਭਿਰਾਈ ਜੀ ਕਹਿਣ ਲੱਗੇ ਰਿਜ਼ਕ ਦੇਣ ਵਾਲੇ ਨੂੰ ਅੱਜ ਪਰਸ਼ਾਦਾ ਛਕਾਉਣਾ ਹੈ, ਸਾਰੇ ਸੰਸਾਰ ਨੂੰ ਚਾਨਣਾ ਦੇਣ ਵਾਲੇ ਨੂੰ ਪਰਸ਼ਾਦਾ ਛਕਾਉਣਾ ਹੈ। ਦਰਸ਼ਨ ਕਰਨਾ ਜੀ। ਪਰਸ਼ਾਦਾ ਲਿਆਂਦਾ। ਮਹਾਰਾਜ ਜੀ ਨੇ ਛਕਿਆ। ਮਾਈ ਨੂੰ ਵੀ ਦਿੱਤਾ। ਭਾਈ ਮਰਦਾਨਾ ਜੀ ਨੂੰ ਵੀ ਦਿੱਤਾ। ਹੁਣ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਜਦੋਂ ਭਾਈ ਮਰਦਾਨਾ ਜੀ ਨੇ ਪਰਸ਼ਾਦਾ ਛਕਿਆ ਤੇ ਗੁਰੂ ਸਾਹਿਬ ਨੂੰ ਕਹਿਣ ਲੱਗੇ, ਗੁਰੂ ਨਾਨਕ ਮਹਾਰਾਜ ਜੀ, ਇੱਕ ਗੱਲ ਕਹਾਂ। ਦੱਸ, ਮਰਦਾਨਿਆ। ਕਹਿਣ ਲੱਗੇ, ਇਸ ਮਾਈ ਦੇ ਪਰਸ਼ਾਦੇ ਵਿੱਚ ਬੇਬੇ ਨਾਨਕੀ ਜੀ ਵਾਲੇ ਪਰਸ਼ਾਦੇ ਵਰਗਾ ਸੁਆਦ ਹੈ ਤੇ ਅੱਗੋਂ ਗੁਰੂ

ਨਾਨਕ ਮਹਾਰਾਜ ਜੀ ਕਹਿੰਦੇ, ਮਰਦਾਨਿਆ, ਇਸ ਮਾਈ ਨੂੰ ਨਾਮ ਦੀ ਰੰਗਣ ਚੜ੍ਹ ਗਈ ਹੈ। ਇਹ ਪ੍ਰਮੇਸ਼ਰ ਦੇ ਨਾਮ ਦਾ ਸੁਆਦ ਹੈ, ਇਸ ਵਿੱਚ। ਸਾਡੀ ਭੈਣ ਨਾਨਕੀ ਵੀ ਨਾਮ ਦੀ ਰੰਗੀ ਹੋਈ ਹੈ ਤਾਂ ਹੀ ਉਹ ਵਾਲਾ ਸੁਆਦ ਆ ਰਿਹਾ ਹੈ। ਪਰਸ਼ਾਦਾ ਛਕਿਆ। ਮਾਈ ਭਿਰਾਈ ਨੇ ਫਿਰ ਹੱਥ ਜੋੜੇ। ਮਹਾਰਾਜ ਜੀ, ਕੁਝ ਉਪਦੇਸ਼ ਦਿਓ। ਪਹਿਲਾਂ ਉਪਦੇਸ਼ ਦਿੱਤਾ ਸੀ, ਪੁੱਤਰੀ, ਮਰ ਜਾਓ। ਮਨ ਨੂੰ ਮਾਰ ਦਿਓ। ਦੁਬਾਰਾ ਕਹਿੰਦੀ ਹੈ, ਪਰਸ਼ਾਦਾ ਛਕਾਇਆ, ਮਹਾਰਾਜ ਜੀ, ਕੋਈ ਉਪਦੇਸ਼ ਦਿਓ ਤੇ ਜ਼ਰਾ ਧਿਆਨ ਨਾਲ ਸੁਣਨਾ। ਮਹਾਰਾਜ ਜੀ ਨੇ ਜਿਹੜਾ ਅਗਲੇ ਦਿਨ ਉਪਦੇਸ਼ ਦਿੱਤਾ। ਤੁਹਾਡੇ ਕੋਲ ਮੇਰੇ ਲਈ ਸਿੱਧੀ ਸੜਕ ਹੈ, ਭਾਈ ਵੀਰ ਸਿੰਘ ਜੀ ਤੇ ਬਹੁਤ ਸਾਰੇ ਰਾਈਟਰਾਂ ਨੇ ਇਕੋ ਜਿਹਾ ਲਿਖਿਆ ਹੈ। ਗੁਰੂ ਨਾਨਕ ਮਹਾਰਾਜ ਜੀ ਨੇ ਕੀ ਉਪਦੇਸ਼ ਦਿੱਤਾ? ਪਹਿਲੇ ਦਿਨ ਉਪਦੇਸ਼ ਦਿੱਤਾ, ਪੁੱਤਰੀ ਮਰ ਜਾਓ। ਮਨ ਮਾਰ ਕੇ ਹੀ ਅਸਲੀ ਜੀਵਨ ਮਿਲਦਾ ਹੈ। ਅੱਜ ਕੀ ਉਪਦੇਸ਼ ਦਿੱਤਾ :

*ਜਗ ਵਿੱਚ ਵਸੋ। ਵੈਰਾਗ ਵਿੱਚ ਰਸੋ।*

*(ਭਾਈ ਵੀਰ ਸਿੰਘ ਜੀ)*

ਅਰਥ ਸਮਝ ਲੈਣਾ। ਕੈਸੇ ਸਾਡੇ ਬਾਬਾ ਨਾਨਕ ਜੀ। ਜਿਹੜੀ ਨਾਮ ਦੀ ਰੰਗਣ ਚੜ੍ਹ ਗਈ ਹੈ, ਘਰ ਨਹੀਂ ਛੱਡਣਾ। ਬੱਚੇ ਨਹੀਂ ਛੱਡਣੇ। ਪਤੀ ਨਹੀਂ ਛੱਡਣਾ। ਘਰ ਦਾ ਕੰਮ-ਕਾਜ, ਰਿਸ਼ਤੇਦਾਰੀ, ਮੇਲ-ਮਿਲਾਪ, ਆਇਆ ਗਿਆ ਨਹੀਂ ਛੱਡਣਾ। ਜਗ ਵਿੱਚ ਵਸੋ। ਜਗ ਵਿੱਚ ਹੀ ਰਹਿਣਾ ਹੈ। ਕੈਸੇ ਸਾਡੇ ਬਾਬਾ ਨਾਨਕ ਜੀ ਹਨ। ਸਰੀਰ ਕਰਕੇ ਜਗ ਵਿੱਚ ਰਹਿਣਾ ਹੈ ਤੇ ਵੈਰਾਗ ਵਿੱਚ ਰਸੋ। ਮਨ ਕਰਕੇ ਵੈਰਾਗ ਦੇ ਰਸ ਵਿੱਚ ਰਹਿਣਾ ਹੈ। ਮਹਾਰਾਜ ਜੀ ਨੇ ਉਪਦੇਸ਼ ਦਿੱਤਾ :

*ਜਗ ਵਿੱਚ ਵਸੋ। ਵੈਰਾਗ ਵਿੱਚ ਰਸੋ।*

ਦੋ ਲਾਈਨਾਂ ਹੋ ਗਈਆਂ। ਜਗ ਵਿੱਚ ਰਹੋ। ਸਾਰੇ ਆਇਆ ਗਿਆ, ਪਤੀ ਬੱਚੇ ਨਾਲ ਨਿਭਾਓ ਤੇ ਮਨ ਨੂੰ ਵੈਰਾਗ ਦੇ ਰਸ ਵਿੱਚ ਰੱਖੋ। ਅਗਾਂਹ ਦੋ ਲਾਈਨਾਂ ਬਾਬਾ ਜੀ ਨੇ ਕਹੀਆਂ, ਭਾਈ ਵੀਰ ਸਿੰਘ ਜੀ ਤੇ ਹੋਰ ਰੂਹਾਂ ਨੇ ਲਿਖੀਆਂ ਹਨ :

*ਜਾਣਹੁ ਗਿਆਨ ਨਾਲ। ਜੁੜੋ ਪ੍ਰੇਮ ਨਾਲ।*

ਇਸ ਦੀ ਡੂੰਘਾਈ ਵੇਖੋ। ਕਮਾਲ ਹੋ ਗਈ। ਪ੍ਰੇਮ ਨਹੀਂ, ਨਿਰਾ ਗਿਆਨ ਕਿਸੇ ਕੰਮ ਹੀ ਨਹੀਂ।

*ਜਾਣਹੁ ਗਿਆਨ ਨਾਲ।*

ਪਰਮੇਸ਼ਰ ਨੂੰ ਗਿਆਨ ਨਾਲ ਜਾਣੋ ਪਰ

*ਜੁੜੋ ਪ੍ਰੇਮ ਨਾਲ।*

*ਖਿੜੇ ਮੱਥੇ ਰਹਿ ਕੇ ਮਿੱਠੇ ਬੋਲ ਬੋਲੋ।*

ਇਹ ਅਗਲੀਆਂ ਦੋ ਲਾਈਨਾਂ ਹਨ। ਇਹ ਇਤਿਹਾਸਿਕ ਲਾਈਨਾਂ ਹਨ।

*ਖਿੜੇ ਮੱਥੇ ਰਹਿ ਕੇ ਮਿੱਠੇ ਬੋਲ ਬੋਲੋ।*
*ਪਰਮੇਸ਼ਰ ਦੇ ਪਿਆਰ ਨੂੰ ਕਦੇ ਵੀ ਨਾ ਭੁੱਲੋ।*

*ਭਗਤ ਵਡਾ ਰਾਜਾ ਜਨਕ ਹੈ*
*ਗੁਰਮੁਖ ਮਾਯਾ ਵਿਚ ਉਦਾਸੀ॥*

*(ਵਾਰ: ੧੦, ਪਉੜੀ ੫)*

*ਚਾਰਿ ਪਦਾਰਥ ਕਮਲ ਪ੍ਰਗਾਸ॥*
*ਸਭ ਕੈ ਮਧਿ ਸਗਲ ਤੇ ਉਦਾਸ॥*

*(ਅੰਗ ੨੯੬)*

ਬੱਚਿਆਂ ਵਿੱਚ ਰਹਿ, ਦੁੱਖ-ਸੁੱਖ ਤੇ ਵੀ ਜਾ ਪਰ ਅੰਦਰੋਂ ਇਹੋ ਜਿਹਾ ਖਿਆਲ ਰੱਖ ਕਿ ਮੈਂ ਯਾਤਰੂ ਹਾਂ। ਇੱਕ ਦਿਨ ਸਰ੍ਹਾਂ ਛੱਡ ਕੇ ਜਾਣਾ ਹੈ। ਜਿਹੜਾ ਕਦੀ ਨਾਸ ਨਹੀਂ ਹੁੰਦਾ, ਉਸ ਦੇ ਵੈਰਾਗ ਵਿੱਚ ਰਸ ਰੱਖਣਾ ਹੈ। ਉਸ ਦੇ ਵੈਰਾਗ ਵਿੱਚ ਰਹਿਣਾ ਹੈ।

*ਜਗ ਵਿੱਚ ਵਸੋ। ਵੈਰਾਗ ਵਿੱਚ ਰਸੋ।*
*ਜਾਣਹੁ ਗਿਆਨ ਨਾਲ। ਜੁੜੋ ਪ੍ਰੇਮ ਨਾਲ।*

*ਖਿੜੇ ਮੱਥੇ ਰਹਿ ਕੇ ਮਿੱਠੇ ਬੋਲ ਬੋਲੋ।*
*ਪਰਮੇਸ਼ਰ ਦੇ ਪਿਆਰ ਨੂੰ ਕਦੀ ਵੀ ਨਾ ਭੁੱਲੋ।*

ਇਹ ਉਪਦੇਸ਼ ਮਾਈ ਭਿਰਾਈ ਜੀ ਝੋਲੀ ਪਾਇਆ। ਦਾਸ ਦਾ ਦਿਲ ਕਰਦਾ ਹੈ ਸਾਰੀ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਨਾਨਕ ਮਹਾਰਾਜ ਅੱਗੇ ਵਿਕ ਜਾਈਏ। ਮਹਾਰਾਜ ਜੀ ਇਹ ਨਹੀਂ ਕਹਿੰਦੇ ਗ੍ਰਿਹਿਸਥੀ ਛੱਡੋ ਪਰ ਮਨ ਨੂੰ ਵੈਰਾਗ ਵਿੱਚ ਰੱਖੋ। ਕੈਸਾ ਮਾਰਗ ਹੈ। ਹੋਰ ਰੰਗਣ ਲੱਗ ਗਈ। ਸੱਚੀ ਸੜਕ ਮਿਲ ਗਈ। ਮਹਾਰਾਜ ਜੀ, ਦੂਜੀ ਵਾਰੀ ਫਿਰ ਆਏ। ਤੀਜੀ ਵਾਰੀ ਫਿਰ ਆਏ। ਇਨ੍ਹਾਂ ਦੇ ਘਰ ਰੁਕਦੇ ਸੀ।

ਹੁਣ ਸਿੱਧੀ ਬਿਰਤੀ ਲੈ ਜਾਓ, ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਗੁਰਗੱਦੀ ਦਿੱਤੀ, ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਤੇ ਵੇਖ ਲਓ ਮਾਈ ਦਾ ਪਿਆਰ ਕਿੰਨਾ ਹੈ। ਕਿਧਰੇ ਮਾਈ ਵਿਰਾਈ ਲਿਖਿਆ ਹੈ, ਕਿਧਰੇ ਮਾਈ ਭਿਰਾਈ ਲਿਖਿਆ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਪਿਆਰ ਕਿੰਨਾ ਹੈ, ਗੁਰਗੱਦੀ ਦਿੱਤੀ ਤੇ ਲਿਖਿਆ ਹੈ ਕਿ ਗੁਰੂ ਨਾਨਕ ਮਹਾਰਾਜ ਜੀ, ਧੰਨ ਗੁਰੂ ਅੰਗਦ ਦੇਵ ਜੀ ਨੂੰ ਕਹਿੰਦੇ, ਭਾਈ ਲਹਿਣਾ ਜੀ, ਤੁਸੀਂ ਖਡੂਰ ਸਾਹਿਬ ਜਾ ਕੇ ਵਸੋ। ਇੱਥੇ ਕੋਈ ਈਰਖਾ ਨਾ ਕਰੇ, ਤੁਸੀਂ ਖਡੂਰ ਸਾਹਿਬ ਜਾ ਕੇ ਵਸੋ। ਹੁਣ ਅਗਲੀ ਗੱਲ ਪੜ੍ਹ ਕੇ ਬੜਾ ਅਨੰਦ ਆਉਂਦਾ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ ਕਹਿੰਦੇ, ਧੰਨ ਗੁਰੂ ਅੰਗਦ ਦੇਵ ਜੀ ਨੂੰ ਕਿ ਤੁਸੀਂ ਖਡੂਰ ਸਾਹਿਬ ਜਾ ਕੇ ਵਸੋ। ਮਾਈ ਭਿਰਾਈ ਦੇ ਘਰ ਮੇਰੇ ਬੈਠਣ ਦੀ ਮੰਜੀ ਹੈ। ਅਗਲੇ ਲਫਜ਼ ਕਹੇ :

*ਉਸ ਊਪਰ ਅਬ ਤੁਸੀਂ ਜਾਇਕੇ ਬੈਠੋ।*
*ਮੇਰਾ ਸਿੰਘਾਸਨ ਵਹੀ ਹੈ।*

ਕੈਸਾ ਪਿਆਰ ਹੈ। ਜਿਹੜੀ ਮੰਜੀ ਤੇ ਧੰਨ ਗੁਰੂ ਨਾਨਕ ਮਹਾਰਾਜ ਜੀ ਮਾਈ ਭਿਰਾਈ ਜੀ ਦੇ ਘਰ ਮੰਜੀ ਤੇ ਬੈਠਦੇ ਸਨ, ਕਹਿੰਦੇ, ਮੇਰਾ ਉਹ ਸਿੰਘਾਸਨ ਹੈ, ਤੁਸੀਂ ਉੱਥੇ ਜਾ ਕੇ ਬੈਠੋ। ਬਹੁਤ ਧਿਆਨ ਦੇਣਾ। ਸਮਾਂ ਆਇਆ। ਗੁਰੂ ਨਾਨਕ ਸਾਹਿਬ ਜੋਤੀ ਜੋਤ ਸਮਾ ਗਏ। ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਬਹੁਤ ਵੈਰਾਗ ਕੀਤਾ ਤੇ ਧੰਨ ਗੁਰੂ ਅੰਗਦ ਦੇਵ ਜੀ ਮਾਈ ਭਿਰਾਈ ਜੀ ਦੇ ਘਰ ਆ ਕੇ ਕਹਿੰਦੇ, ਮਾਈ, ਅਸੀਂ ਅੰਦਰ ਬੈਠਣ ਲੱਗੇ ਹਾਂ, ਸਾਡਾ ਹੁਕਮ ਹੈ, ਬਾਹਰੋਂ ਬੂਹਾ ਬੰਦ ਕਰ ਲਓ। ਦੂਜਾ ਹੁਕਮ ਹੈ, ਬੂਹੇ ਬੰਦ ਕਰਨ ਤੋਂ ਬਾਅਦ ਬੂਹੇ ਅੱਗੇ ਦੀਵਾਰ ਕਰ ਦਿਓ। ਤੇ ਤੀਜਾ ਹੁਕਮ ਹੈ, ਕਿਸੇ ਨੂੰ ਦੱਸਣਾ ਨਹੀਂ, ਅਸੀਂ ਅੰਦਰ ਬੈਠੇ ਹਾਂ। ਵੈਰਾਗ। ਇਕਾਂਤ ਵਿੱਚ ਹੋਣ ਤੇ ਮਨ ਕਰਦਾ ਹੈ। ਇਧਰ ਸਾਰੀਆਂ ਸੰਗਤਾਂ ਨੂੰ ਪਤਾ ਹੈ ਕਿ ਜੋਤ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਵਿੱਚ ਟਿਕਾਈ ਹੈ। ਸੰਗਤਾਂ ਲੱਭਦੀਆਂ ਪਈਆਂ ਹਨ, ਵਿਆਕੁਲ ਹਨ। ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਕਿੱਥੇ ਚਲੇ ਗਏ? ਦਿਨ ਲੰਘਦੇ ਜਾ ਰਹੇ ਹਨ, ਸਮਾਂ ਲੰਘਦਾ ਜਾ ਰਿਹਾ ਹੈ। ਸਾਰਿਆਂ ਨੇ ਸਲਾਹ ਬਣਾਈ, ਬਾਬਾ ਬੁੱਢਾ ਸਾਹਿਬ ਜੀ ਨੂੰ ਪੁੱਛੀਏ, ਕਿਉਂਕਿ ਬਾਬਾ ਬੁੱਢਾ ਸਾਹਿਬ ਜੀ ਨੂੰ ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਬਚਨ ਕੀਤਾ ਸੀ, ਤੈਥੋਂ ਓਹਲੇ ਨਾ ਹੋਸਾਂ। ਤੇਰੇ ਤੋਂ ਓਹਲੇ ਨਹੀਂ ਹੋਵਾਂਗੇ ਤੇ ਬਾਬਾ ਬੁੱਢਾ ਸਾਹਿਬ ਜੀ ਕੋਲ ਜਦੋਂ ਸਾਰੇ ਗਏ ਤੇ ਜਾ ਕੇ ਬੇਨਤੀ ਕੀਤੀ ਕਿ ਬਾਬਾ ਜੀ, ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਜਿਨ੍ਹਾਂ ਦੇ ਹਿਰਦੇ ਵਿੱਚ ਧੰਨ ਗੁਰੂ ਨਾਨਕ ਮਹਾਰਾਜ ਬੈਠੇ ਨੇ ਤੇ ਕਿੰਨੇ ਦਿਨਾਂ ਤੋਂ, ਕਿੰਨੇ ਸਮੇਂ ਤੋਂ ਦਰਸ਼ਨ ਨਹੀਂ ਹੋ ਰਹੇ, ਸਤਿਗੁਰੂ ਜੀ ਕਿੱਥੇ ਹਨ? ਇਹ ਲਿਖਿਆ ਹੈ, ਬਾਬਾ ਬੁੱਢਾ ਸਾਹਿਬ ਜੀ ਨੇ ਅਜਿਤਾ ਰੰਧਾਵਾ, ਭਾਈ ਧੀਰੋ, ਭਾਈ ਮੂੜਾ ਕਲਾਲ, ਭਾਈ ਭਗੀਰਥ ਤੇ ਭਾਈ ਸਧਾਰਨ, ਇਨ੍ਹਾਂ ਪੰਜਾਂ ਸਿੱਖਾਂ ਨੂੰ ਨਾਲ ਲਿਆ, ਸੰਗਤ ਨੂੰ ਨਾਲ ਲਿਆ ਤੇ ਬਾਬਾ ਬੁੱਢਾ

ਸਾਹਿਬ ਜੀ ਆ ਗਏ, ਮਾਈ ਭਿਰਾਈ ਦੇ ਘਰ। ਪ੍ਰਗਟ ਨਹੀਂ ਕੀਤਾ ਆਪਣੇ ਆਪ ਨੂੰ, ਬ੍ਰਹਮ ਗਿਆਨੀ ਸੀ। ਆ ਕੇ ਮਾਈ ਭਿਰਾਈ ਜੀ ਨੂੰ ਕਹਿੰਦੇ ਹਨ, ਮਾਈ, ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਦਰਸ਼ਨ ਕਰਨੇ ਹਨ, ਸਾਰੀਆਂ ਸੰਗਤਾਂ ਵਿਆਕੁਲ ਹਨ। ਹੁਣ ਮਾਈ ਨੂੰ ਵੇਖੋ ਹੁਕਮ ਹੈ ਕਿ ਦੱਸਣਾ ਨਹੀਂ। ਹੁਕਮ ਵੀ ਮੰਨਣਾ ਹੈ। ਕੀ ਜਵਾਬ ਦਿਆਂ? ਮਾਈ ਚੁੱਪ। ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਮਾਈ, ਤੂੰ ਭਾਵੇਂ ਬੋਲ ਤੇ ਭਾਵੇਂ ਨਾ ਬੋਲ, ਤੇਰੇ ਚਿਹਰੇ ਦਾ ਨੂਰ ਦੱਸਦਾ ਪਿਆ ਹੈ, ਗੁਰੂ ਸਾਹਿਬ ਬਾਰੇ ਤੈਨੂੰ ਪਤਾ ਹੈ। ਚਿਹਰੇ ਦਾ ਰੰਗ ਬੋਲ ਰਿਹਾ ਹੈ। ਬਾਬਾ ਜੀ ਕਹਿਣ ਲੱਗੇ, ਮਾਈ ਭਿਰਾਈ, ਗੁਰੂ ਸਾਹਿਬ ਕਿੱਥੇ ਹਨ? ਸੰਗਤਾਂ ਵਿਆਕੁਲ ਹਨ। ਮਾਈ ਭਿਰਾਈ ਫਿਰ ਚੁੱਪ। ਬਾਬਾ ਜੀ, ਤੀਜੀ ਵਾਰੀ ਕਹਿੰਦੇ ਹਨ, ਮਾਈ ਭਿਰਾਈ ਗੁਰੂ ਸਾਹਿਬ ਕਿੱਥੇ ਹਨ? ਗਾ ਕੇ ਪੜ੍ਹਿਓ ਜ਼ਰਾ। ਧੰਨ ਹੈ ਮਾਈ ਭਿਰਾਈ ਜਿਹੜਾ ਜਵਾਬ ਦਿੱਤਾ, ਤੁਹਾਡੇ ਸੁਣਨ ਵਾਲਾ ਹੈ। ਨਾ ਹਾਂ, ਨਾ ਨਾਂਹ। ਸਾਰੀ ਸੰਗਤ ਤੇ ਬਾਬਾ ਬੁੱਢਾ ਸਾਹਿਬ ਜੀ ਨੂੰ ਮਾਈ ਭਿਰਾਈ ਨੇ ਕੀ ਜਵਾਬ ਦਿੱਤਾ? ਭਾਈ ਵੀਰ ਸਿੰਘ ਜੀ ਤੇ ਹੋਰ ਰਾਈਟਰਾਂ ਨੇ ਬੜੇ ਪਿਆਰ ਨਾਲ ਉਹ ਸਮਾਂ ਲਿਖਿਆ ਹੈ, ਇਤਿਹਾਸ ਮੁਤਾਬਕ :

*ਰਸਨਾ ਰਹੇ ਰੰਗ ਵਿੱਚ।*
*ਮਨੂਆ ਰਹੇ ਮੰਗ ਵਿੱਚ।*
*ਪਿਆਰ ਰਹੇ ਉਮੰਗ ਵਿੱਚ।*
*ਫਿਰ ਗੁਰੂ ਅੰਗ ਸੰਗ ਹੈ।*

ਇਹ ਮਾਈ ਭਿਰਾਈ ਜੀ ਦਾ ਜਵਾਬ, ਰਸਨਾ ਉਸ ਦੇ ਰੰਗ ਵਿੱਚ ਰਵ੍ਹੇ। ਮਨੂਆ ਜਿਹੜਾ ਹੈ, ਉਹ ਮੰਗਦਾ ਰਵ੍ਹੇ। ਗੁਰੂ ਨਾਲ ਜਿਹੜਾ ਪਿਆਰ ਹੈ, ਉਹ ਉਮੰਗ ਵਿੱਚ ਰਵ੍ਹੇ। ਫਿਰ ਨੇੜੇ ਹੀ ਹੈ। ਨਾ ਨਾਂਹ ਤੇ ਨਾ ਹਾਂ। ਧੰਨ ਹਨ ਬੀਬੀਆਂ।

ਭਾਈ ਵੀਰ ਸਿੰਘ ਜੀ ਤੇ ਹੋਰ ਰਾਈਟਰਾਂ ਨੇ ਅਗਲੀਆਂ ਲਾਈਨਾਂ ਲਿਖੀਆਂ ਹਨ :

*ਹੋਇਗਾ ਦਇਆਲ*

ਜੇ ਰਸਨਾ ਰੰਗ ਵਿੱਚ ਹੈ, ਮਨੂਆ ਮੰਗ ਵਿੱਚ ਹੈ, ਪਿਆਰ ਉਮੰਗ ਵਿੱਚ ਹੈ ਤੇ ਮਾਈ ਭਿਰਾਈ ਕੀ ਕਹਿੰਦੇ ਹਨ :

*ਹੋਇਗਾ ਦਇਆਲ ਦਰਸ਼ਨ ਦੇਏਗਾ ਬੁਲਾਇ ਕੇ।*

ਫਿਰ ਉਹ ਬੁਲਾ ਕੇ ਦਰਸ਼ਨ ਦੇਵੇਗਾ। ਸਾਡਾ ਗੁਰੂ ਅੰਗ ਸੰਗ ਹੈ। ਬਾਬਾ ਜੀ ਤੇ ਸੰਗਤਾਂ ਕਹਿੰਦੀਆਂ ਹਨ ਕਿ ਗੁਰੂ ਸਾਹਿਬ ਕਿੱਥੇ ਹਨ ਪਰ ਹੁਣ ਵੇਖੋ ਮਾਈ ਨੂੰ ਹੁਕਮ ਹੈ ਕਿ ਦੱਸਣਾ ਨਹੀਂ। ਬਾਬਾ ਬੁੱਢਾ ਸਾਹਿਬ ਜੀ ਤੇ ਸੰਗਤਾਂ ਕਹਿੰਦੀਆਂ ਹਨ, ਮਾਈ, ਧੰਨ ਹੈ। ਗੁਰੂ ਦੇ ਪਿਆਰ ਦੀ ਗੱਲ ਵੀ ਕਹੀ ਜਾਂਦੀ ਹੈ ਕਿ ਉਹ ਨੇੜੇ ਹੈ, ਅੰਗ ਸੰਗ ਹੈ, ਦੱਸਦੀ ਵੀ ਨਹੀਂ। ਮਾਈ, ਦੱਸ ਨਾ, ਗੁਰੂ ਸਾਹਿਬ ਕਿੱਥੇ ਹਨ? ਹੁਣ ਗੱਲਾਂ ਬਰੀਕੀਆਂ ਵਾਲੀਆਂ ਹਨ। ਮਾਈ ਭਿਰਾਈ ਜੀ ਕਹਿੰਦੇ ਹਨ, ਹੱਠ ਚੰਗਾ ਨਹੀਂ ਹੁੰਦਾ। ਹੱਠ ਨਾ ਕਰੋ ਕਿ ਗੁਰੂ ਸਾਹਿਬ ਕਿੱਥੇ ਹਨ? ਹੱਠ ਚੰਗਾ ਨਹੀਂ ਹੁੰਦਾ, ਰਜ਼ਾ ਵਿੱਚ ਰਹਿਣਾ ਚਾਹੀਦਾ ਹੈ। ਦੱਸਿਆ ਨਹੀਂ ਅਜੇ। ਕੰਨਾਂ ਨੂੰ ਹੱਥ ਲੱਗ ਗਏ। ਸਾਡੇ ਬਾਬਾ ਬੁੱਢਾ ਸਾਹਿਬ ਜੀ। ਹੁਣ ਬਾਬਾ ਜੀ ਦਾ ਜਵਾਬ ਸੁਣਿਓ। ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਮਾਈ ਪੁਕਾਰ ਕਰਨੀ ਗੁਰੂ ਦੇ ਦਰਸ਼ਨਾਂ ਦੀ, ਇਹ ਰਜ਼ਾ ਨੂੰ ਮੇਟਣਾ ਨਹੀਂ ਹੈ। ਬੱਚਿਆਂ ਨੇ ਪਿਤਾ ਨੂੰ ਪੁਕਾਰਨਾ ਹੀ ਹੈ। ਕੈਸੇ ਸੁਆਲ ਜਵਾਬ ਹਨ, ਰੰਗੀਆਂ ਰੂਹਾਂ ਦੇ। ਸੰਗਤ ਵਿੱਚ ਭਾਈ ਅਜਿਤਾ ਰੰਧਾਵਾ ਵੀ ਹਨ, ਭਾਈ ਸਧਾਰਨ ਜੀ ਵੀ ਹਨ, ਭਾਈ ਭਗੀਰਥ ਜੀ ਵੀ ਹਨ, ਭਾਈ ਧੀਰੋ ਜੀ ਵੀ ਹਨ, ਭਾਈ ਮੂੜਾ ਕਲਾਮ ਵੀ ਹਨ। ਕਿਹੋ ਜਿਹਾ ਸਮਾਂ ਹੋਵੇਗਾ। ਬਾਬਾ ਜੀ ਕਹਿੰਦੇ :

*ਤੈਂ ਦੱਸ ਨਾ ਦੱਸ।*

ਤੇਰੇ ਚਿਹਰੇ ਦਾ ਨੂਰ ਕਹਿੰਦਾ ਹੈ, ਗੁਰੂ ਸਾਹਿਬ ਇੱਥੇ ਹਨ। ਹੁਣ ਉਨ੍ਹਾਂ ਨੂੰ ਹੁਕਮ ਹੈ, ਦੱਸਣਾ ਨਹੀਂ। ਬਾਬਾ ਬੁੱਢਾ ਸਾਹਿਬ ਕਹਿੰਦੇ, ਸੰਗਤ ਜੀ, ਇੱਕ ਰਾਹ ਹੈ, ਸਾਡੇ ਕੋਲ। ਸੰਗਤ ਨੇ ਪੁੱਛਿਆ, ਉਹ ਕੀ? ਬਾਬਾ ਬੁੱਢਾ ਸਾਹਿਬ ਕਹਿੰਦੇ, ਕੀਰਤਨ ਆਰੰਭ ਕਰ ਦਿਓ। ਗੁਰੂ ਸਾਹਿਬ ਕੀਰਤਨ ਦੇ ਆਸ਼ਕ ਹਨ। ਇਹ ਇਤਿਹਾਸ ਹੈ, ਗੱਲਾਂ ਨਹੀਂ। ਜਿੰਨੀ ਸੰਗਤ ਬੈਠੀ ਸੀ, ਭਾਈ ਅਜਿਤਾ ਰੰਧਾਵਾ ਜੀ, ਭਾਈ ਸਧਾਰਨ ਜੀ, ਭਾਈ ਭਗੀਰਥ ਜੀ, ਬਾਬਾ ਬੁੱਢਾ ਸਾਹਿਬ ਜੀ, ਸਾਰੀ ਸੰਗਤ ਨੇ ਕੀਰਤਨ ਆਰੰਭ ਕਰ ਦਿੱਤਾ। ਇਹ ਗੁਰੂ ਨਾਨਕ ਸਾਹਿਬ ਜੀ ਦਾ ਸ਼ਬਦ ਹੈ, ਦਰਸ਼ਨਾਂ ਦਾ:

*ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥*
*ਮੈ ਦੇਵਾਨਾ ਭਇਆ ਅਤੀਤੁ ॥*

*(ਅੰਗ ੭੨੧)*

ਕਈ ਰਾਈਟਰ ਆਪਣੀ ਕਲਪਨਾ ਲਿਖਦੇ ਹਨ ਕਿ ਸ਼ਬਦ ਦਰਸ਼ਨਾਂ ਦਾ ਹੀ ਪੜ੍ਹਨਾ ਸੀ। ਧੰਨ ਗੁਰੂ ਅੰਗਦ ਦੇਵ ਜੀ ਦਾ ਸਮਾਂ ਹੈ ਤੇ ਅਜੇ ਸਿਰਫ ਧੰਨ ਗੁਰੂ ਨਾਨਕ ਮਹਾਰਾਜ ਜੀ ਦੀ ਬਾਣੀ ਕੋਲ ਹੈ। ਗੁਰੂ ਨਾਨਕ ਮਹਾਰਾਜ ਜੀ ਦਾ ਸ਼ਬਦ ਸਾਰੀ ਸੰਗਤ ਪੜ੍ਹ ਰਹੀ ਹੈ:

*ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥*
*ਮੈ ਦੇਵਾਨਾ ਭਇਆ ਅਤੀਤੁ ॥*
*ਕਰ ਕਾਸਾ ਦਰਸਨ ਕੀ ਭੂਖ ॥*
*ਮੈ ਦਰਿ ਮਾਗਉ ਨੀਤਾ ਨੀਤ ॥*
*ਤਉ ਦਰਸਨ ਕੀ ਕਰਉ ਸਮਾਇ ॥*
*ਮੈ ਦਰਿ ਮਾਗਤੁ ਭੀਖਿਆ ਪਾਇ ॥*

*(ਅੰਗ ੭੨੧)*

ਅੱਜ ਇਹ ਗੁਣ ਲੈਣਾ ਜੀ। ਸੰਗਤ ਨੇ ਬਾਹਰ ਕੀਰਤਨ ਅਰੰਭ ਕਰ ਦਿੱਤਾ, ਸਾਧ ਸੰਗਤ ਜੀ, ਅੱਜ ਬੜਾ ਵੱਡਾ ਗੁਣ ਲੈਣਾ। ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਸੱਜਾ ਗੋਡਾ ਹਿਲਿਆ, ਖੱਬਾ ਗੋਡਾ ਹਿਲਿਆ। ਨਹੀਂ ਰੁਕਿਆ ਚੌਕੜਾ। ਉੱਠ ਪਏ। ਹੱਥ ਚਲੇ ਗਏ ਬੂਹੇ ਵੱਲ। ਬੂਹਾ ਖੋਲ੍ਹਿਆ ਤੇ ਸਾਰੀ ਸੰਗਤ ਨੂੰ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਬਾਹਰ ਆ ਕੇ ਦਰਸ਼ਨ ਦਿੱਤੇ। ਇੱਥੇ ਭਾਈ ਵੀਰ ਸਿੰਘ ਜੀ ਤੇ ਹੋਰ ਰਾਈਟਰਾਂ ਨੇ ਇੱਕ ਗੱਲ ਲਿਖੀ ਹੈ ਜਿਹੜੀ ਤੁਹਾਡੇ ਪਕੜਨ ਵਾਲੀ ਹੈ। ਉਹ ਲਿਖਦੇ ਹਨ ਕਿ ਧੰਨ ਗੁਰੂ ਅੰਗਦ ਦੇਵ ਜੀ ਦੀ ਇੱਕ ਗੱਲ ਨੇ ਇਹ ਚੀਜ਼ ਪ੍ਰਗਟ ਕਰ ਦਿੱਤੀ। ਸ਼ਾਇਦ ਤੁਹਾਡਾ ਇਹ ਸੁਣ ਕੇ ਕੀਰਤਨ ਨਾਲ ਪਿਆਰ ਵੱਧ ਜਾਵੇ। ਸੁਣਨ ਵੱਲ ਵੀ ਤੇ ਕਰਨ ਵੱਲ ਵੀ। ਬੜੀਆਂ ਗੁਰਮੁਖ ਰੂਹਾਂ ਨੇ ਲਿਖਿਆ ਹੈ ਕਿ ਧੰਨ ਗੁਰੂ ਅੰਗਦ ਦੇਵ ਜੀ ਨੇ ਜਦੋਂ ਕੀਰਤਨ ਅਰੰਭ ਹੋ ਗਿਆ ਤੇ ਆਪੇ ਬਾਹਰ ਆ ਕੇ ਦਰਸ਼ਨ ਦੇ ਦਿੱਤੇ। ਇਸ ਗੱਲ ਨੂੰ ਪ੍ਰਗਟ ਕਰ ਦਿੱਤਾ, ਕੀ? ਜੇ ਗੁਰੂ ਸਾਹਿਬ ਨੂੰ ਪਾਉਣਾ ਜਾਂ ਗੁਰੂ ਸਾਹਿਬ ਨੂੰ ਰਿਝਾਉਣਾ ਹੈ ਜਾਂ ਗੁਰੂ ਸਾਹਿਬ ਨੂੰ ਮਿਲਣਾ ਹੈ ਜਾਂ ਗੁਰੂ ਸਾਹਿਬ ਦੇ ਚਰਨ ਪਰਸਣੇ ਹਨ ਤੇ ਸਭ ਤੋਂ ਸੌਖਾ ਰਾਹ ਕੀਰਤਨ ਹੈ। ਕੀਰਤਨ ਵਿੱਚ ਜੁੜ ਜਾ। ਕੀਰਤਨ ਵਿੱਚ ਗੁਰੂ ਸਾਹਿਬ ਪ੍ਰਤੱਖ ਤੁੱਠ ਕੇ ਤੇਰੇ ਕੋਲ ਆ ਜਾਣਗੇ। ਪ੍ਰਗਟ ਕਰ ਦਿੱਤਾ, ਪਿਤਾ ਜੀ ਨੇ:

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*

*(ਅੰਗ ੧੦੭੫)*

ਮਹਾਰਾਜ ਜੀ, ਧੰਨ ਗੁਰੂ ਅੰਗਦ ਦੇਵ ਜੀ ਨੇ ਦਰਸ਼ਨ ਦਿੱਤੇ। ਧਿਆਨ ਦੇਣਾ ਜੀ। ਕੋਈ ਉੱਠੇ ਨਾ ਕਿਉਂਕਿ ਮਾਈ ਦੇ ਅੰਤ ਸਮੇਂ ਤੱਕ ਆਉਣਾ ਹੈ। ਤਾਂ ਹੀ ਭਾਗ ਪੂਰਾ ਹੋਵੇਗਾ। ਧੰਨ ਗੁਰੂ ਅੰਗਦ ਦੇਵ ਜੀ ਨੇ ਇੱਕ ਬਚਨ ਕਹਿਆ, ਬਾਬਾ ਬੁੱਢਾ ਸਾਹਿਬ ਜੀ ਨੂੰ।

ਦਾਸ ਸੋਚਦਾ ਹੈ ਕਿ ਇੰਨੀ ਬਰੀਕੀ ਮਿਲਦੀ ਹੈ, ਇਹ ਨਹੀਂ ਕਿਹਾ ਨਿਹਾਲ। ਧੰਨ ਗੁਰੂ ਅੰਗਦ ਦੇਵ ਜੀ ਕਹਿੰਦੇ, ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਨਿਹਾਲ ਕੀਤੇ ਪਿਆਰੇ, ਸਦਾ ਨਿਹਾਲ। ਜ਼ਰਾ ਬਰੀਕੀ ਸੁਣਿਓ। ਬਾਬਾ ਬੁੱਢਾ ਸਾਹਿਬ ਜੀ ਨੂੰ ਮਾਣ ਦਿੱਤਾ ਕਿ ਤੁਹਾਨੂੰ ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਨਿਹਾਲ ਕੀਤਾ ਹੋਇਆ ਹੈ। ਧੰਨ ਗੁਰੂ ਅੰਗਦ ਦੇਵ ਜੀ ਨੇ ਬਾਬਾ ਬੁੱਢਾ ਸਾਹਿਬ ਜੀ ਨੂੰ ਬਚਨ ਕੀਤੇ, ਅਸੀਂ ਬਚਨ ਕਰਦੇ ਹਾਂ, ਤੁਹਾਡੀ ਗੁਰ ਪਰਮੇਸ਼ਰ ਨਾਲ ਸਦਾ ਬਣੀ ਰਹੇਗੀ। ਧਿਆਨ ਦੇਣਾ ਜ਼ਰਾ। ਤੀਜਾ ਬਚਨ, ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਕੀਤਾ, ਬਾਬਾ ਬੁੱਢਾ ਸਾਹਿਬ ਜੀ ਨੂੰ, ਤੁਹਾਡੀ ਵੰਸ਼ ਵੀ ਗੁਰੂ ਦੀ ਗੱਦੀ ਨਾਲ ਤੁਰੀ ਰਹੇਗੀ। ਇਨ੍ਹਾਂ ਚੀਜ਼ਾਂ ਨਾਲ ਪਿਆਰ ਵੱਧਦਾ ਹੈ। ਤੁਸੀਂ ਝਬਾਲ ਜਾਓ, ਜਿੱਥੇ ਅੱਜ ਅਸਥਾਨ ਹੈ ਜਿਸਨੂੰ ਬਾਬਾ ਬੁੱਢਾ ਸਾਹਿਬ ਜੀ ਦੀ ਬੀੜ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਤੇ ਜਦੋਂ ਇਹ ਪਿਆਰ ਲੈ ਕੇ ਉੱਥੇ ਜਾਓਗੇ, ਬਾਬਾ ਜੀ, ਤੁਸੀਂ ਉਹ ਹੋ, ਜਿਨ੍ਹਾਂ ਨੂੰ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਇਹ ਕਿਹਾ ਹੈ ਕਿ ਤੁਹਾਡੀ ਵੰਸ਼ ਵੀ ਗੁਰੂ ਦੀ ਗੱਦੀ ਦੇ ਨਾਲ ਤੁਰੀ ਜਾਵੇਗੀ ਤੇ ਚੌਥਾ ਬਚਨ ਕੀਤਾ, ਬਾਬਾ ਬੁੱਢਾ ਸਾਹਿਬ ਜੀ, ਤੁਹਾਡੀ ਗੁਰੂ ਘਰ ਨਾਲ ਸਦਾ ਬਣੀ ਰਹੇਗੀ, ਤੁਹਾਡੀ ਵੀ ਤੇ ਅੱਗੋਂ ਲਫਜ਼ ਕੀਤੇ, ਤੁਹਾਡਿਆਂ ਦੀ ਵੀ। ਜ਼ਰਾ ਬਰੀਕੀ ਸਮਝ ਲੈਣਾ। ਬਾਬਾ ਬੁੱਢਾ ਸਾਹਿਬ ਜੀ, ਜਿਹੜਾ ਤੁਹਾਡੇ ਕੋਲ ਸ਼ਰਧਾ ਨਾਲ ਆਵੇਗਾ, ਉਸ ਦੀ ਵੀ ਗੁਰੂ ਘਰ ਨਾਲ ਬਣੀ ਰਹੇਗੀ। ਦਾਸ ਦਾ ਖਿਆਲ ਹੈ ਕਿ ਬਾਬਾ ਬੁੱਢਾ ਸਾਹਿਬ ਜੀ ਦੇ ਅਸਥਾਨ ਤੇ ਇਹ ਪਿਆਰ ਲੈ ਕੇ ਚਲੇ ਜਾਈਏ ਤੇ ਜਿਵੇਂ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਕੀਰਤਨ ਸੁਣ ਕੇ ਦਰਸ਼ਨ ਦੇ ਦਿੱਤੇ ਤੇ ਆਹ ਪਿਆਰ ਲੈ ਕੇ ਜਾਈਏ, ਬਾਬਾ ਬੁੱਢਾ ਸਾਹਿਬ ਜੀ, ਝੋਲੀਆਂ ਭਰ ਕੇ ਹੀ ਤੋਰਨਗੇ। ਪਿਆਰ ਹੀ ਸਭ ਕੁਝ ਹੈ।

ਹੁਣ ਧੰਨ ਗੁਰੂ ਅੰਗਦ ਦੇਵ ਜੀ ਆ ਗਏ, ਮਾਈ ਭਿਰਾਈ ਵੱਲ ਤੇ ਮਾਈ ਭਿਰਾਈ ਨੂੰ ਧੰਨ ਗੁਰੂ ਅੰਗਦ ਦੇਵ ਜੀ ਨੇ ਕੀ ਬਚਨ ਕੀਤੇ? ਧੰਨ ਗੁਰੂ ਨਾਨਕ ਮਹਾਰਾਜ ਜੀ ਦੀ ਤਾਰੀ ਹੋਈ ਮਾਈ, ਸਦਾ ਨਿਹਾਲ। ਤੇਰੀ ਚੁੱਪ, ਤੇਰਾ ਅਜਰ ਜਰਨ ਵਾਲਾ ਜੇਰਾ, ਤੇਰੀ ਘਾਲ ਅੱਜ ਗੁਰੂ ਦੇ ਦਰ ਤੇ ਪ੍ਰਵਾਨ ਹੋਈ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ ਦੀਆਂ ਸਦਾ ਖੁਸ਼ੀਆਂ ਮਾਈ ਭਿਰਾਈ, ਤੇਰੇ ਨਾਲ ਰਹਿਣਗੀਆਂ। ਹੁਣ ਮਾਈ ਦੇ ਗੁਣ ਸਾਂਝੇ ਕਰਦੇ ਹਾਂ। ਛੇ-ਸੱਤ ਗੁਣ ਹਨ ਤੇ ਬੀਬੀਓ, ਤੁਹਾਡੇ ਸੁਣਨ ਵਾਲੇ ਹਨ। ਇੱਕ ਵਾਰੀ ਸਾਰੇ ਕਿਰਪਾ ਕਰਨਾ ਜੀ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਇਹ ਬੀਬੀਓ, ਕੰਮ ਆਉਣ ਵਾਲਾ ਬਚਨ ਹੈ। ਮਾਈ ਭਿਰਾਈ ਦਾ ਪਹਿਲਾ ਗੁਣ ਸੀ, ਆਏ ਗਏ ਦੀ ਪਿਆਰ ਨਾਲ ਸੇਵਾ ਕਰਦੇ ਸੀ ਤੇ ਮੁੱਖ ਤੋਂ ਹਰ ਵੇਲੇ ਜਪੁਜੀ ਸਾਹਿਬ ਚਲਦੀ ਰਹਿੰਦੀ ਸੀ। ਇਹ ਚੀਜ਼ਾਂ ਬੈਟਰੀ ਚਾਰਜ ਕਰਦੀਆਂ ਹਨ। ਦੂਜਾ ਲਿਖਿਆ ਹੈ, ਸੁਭਾਅ ਠਹਿਰਿਆ ਸੀ ਤੇ ਸਮਝ ਉੱਚੀ ਸੀ। ਤੀਜਾ ਲਿਖਿਆ ਹੈ, ਜਿਹੜਾ ਕੋਈ ਆਵੇ, ਉਸ ਨੂੰ ਗੁਰੂ ਨਾਨਕ ਮਹਾਰਾਜ ਦਾ ਉਪਦੇਸ਼ ਸੁਣਾਉਂਦੇ ਸੀ। ਚੌਥਾ ਲਿਖਿਆ ਹੈ, ਕੋਈ ਆਵੇ, ਮਾਈ ਭਿਰਾਈ ਆਪਣੇ ਮੁੱਖ ਤੋਂ ਅਸੀਸਾਂ ਦਿੰਦੇ ਸੀ। ਪੰਜਵਾਂ ਲਿਖਿਆ ਹੈ, ਜਿਹੜਾ ਆਵੇ, ਉਸ ਨੂੰ ਚਾਰ ਬਚਨ ਸੁਣਾਉਂਦੇ ਸੀ, ਬਾਣੀ ਨਾ ਵਿਸਰੋ, ਨਾਮ ਨਾ ਭੁੱਲੋ, ਧਿਆਨ ਚਰਨਾਂ ਵਿੱਚ ਰੱਖੋ, ਰਜ਼ਾ ਮਿੱਠੀ ਲੱਗੇ। ਇੱਕ ਦਿਨ ਧੰਨ ਗੁਰੂ ਅੰਗਦ ਦੇਵ ਜੀ ਨੂੰ ਕਹਿਣ ਲੱਗੇ, ਮੈਨੂੰ ਇੰਝ ਲੱਗਦਾ ਹੈ, ਦਿਨ ਥੋੜ੍ਹੇ ਰਹਿ ਗਏ ਹਨ, ਜਾਣੀ-ਜਾਣ ਸਤਿਗੁਰੂ ਧੰਨ ਗੁਰੂ ਅੰਗਦ ਦੇਵ ਜੀ ਕਹਿੰਦੇ, ਹਾਂ, ਇਸੇ ਤਰ੍ਹਾਂ ਹੀ ਹੈ। ਮਾਈ ਭਿਰਾਈ ਜੀ ਨੇ ਬੇਨਤੀ ਕੀਤੀ, ਆਪਣੇ ਚਾਨਣੇ ਦੇ

ਸਦਕਾ, ਮੈਨੂੰ ਪਾਰ ਲੰਘਾ ਦੇਣਾ। ਅੱਗੋਂ ਧੰਨ ਗੁਰੂ ਅੰਗਦ ਦੇਵ ਜੀ ਕਹਿੰਦੇ, ਮਾਈ, ਤੂੰ ਧੰਨ ਗੁਰੂ ਨਾਨਕ ਮਹਾਰਾਜ ਜੀ ਦੀਆਂ ਖੁਸ਼ੀਆਂ ਲਈਆਂ ਹਨ। ਤੂੰ ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਰਿਝਾਇਆ ਹੈ। ਤੂੰ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਦਰਸ਼ਨ ਕੀਤੇ ਹਨ। ਧੰਨ ਗੁਰੂ ਨਾਨਕ ਸਾਹਿਬ ਦਾ ਚਾਨਣਾ ਸਦਾ ਤੇਰੇ ਅੰਗ ਸੰਗ ਹੀ ਹੈ। ਉਹ ਦੂਰ ਨਹੀਂ। ਮਾਈ ਭਿਰਾਈ ਦੀ ਇੰਨੀ ਅਵਸਥਾ ਸੀ, ਆਪਣੇ ਜਾਣ ਦੀ ਕੋਈ ਘਬਰਾਹਟ ਨਹੀਂ। ਆਪਣੇ ਪਰਿਵਾਰ ਨੂੰ ਇੱਥੋਂ ਤੱਕ ਕਹਿਣਾ, ਮੈਂ ਮੁਸਾਫਰ ਹਾਂ। ਮੇਰੀ ਅਰਦਾਸ ਕਰਿਓ, ਜਿੱਥੇ ਹੁਣ ਮੈਂ ਜਾ ਰਹੀ ਹਾਂ, ਇਹੋ ਜਿਹੀ ਮਿਲਾਂ ਕਿ ਉਸ ਤੋਂ ਮਿਲ ਕੇ ਵਿਛੜਾਂ ਹੀ ਨਾ। ਅੰਮ੍ਰਿਤ ਵੇਲਾ ਸੀ। ਧੰਨ ਗੁਰੂ ਅੰਗਦ ਦੇਵ ਜੀ ਦੀਵਾਨ ਵਿੱਚ ਆਉਂਦੇ ਸੀ। ਅੱਜ ਖਡੂਰ ਸਾਹਿਬ ਦੀਵਾਨ ਵਿੱਚ ਨਹੀਂ ਆਏ। ਕਿੱਥੇ ਚਲੇ ਗਏ? ਮਾਈ ਭਿਰਾਈ ਦੇ ਘਰ। ਲਿਖਿਆ ਹੈ ਕਿ ਮਾਈ ਭਿਰਾਈ ਜੀ ਨੇ ਚੌਕੜਾ ਮਾਰਿਆ ਹੋਇਆ ਹੈ। ਨੈਣ ਬੰਦ ਹਨ। ਉੱਠਣ ਦੀ ਹਿੰਮਤ ਨਹੀਂ। ਧੰਨ ਗੁਰੂ ਅੰਗਦ ਦੇਵ ਜੀ ਚੁੱਪ ਕਰਕੇ ਬੈਠ ਗਏ। ਮਾਈ ਨੇ ਨੈਣ ਖੋਲ੍ਹੇ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਨੈਣ ਖੋਲ੍ਹ ਕੇ, ਸਿਰ ਝੁਕਾ ਕੇ, ਧੀਮੀ ਅਵਾਜ਼ ਵਿੱਚ ਨਿਕਲਿਆ, ਧੰਨ ਗੁਰੂ ਨਾਨਕ। ਜਦੋਂ ਧੀਮੀ ਅਵਾਜ਼ ਵਿੱਚ ਨਿਕਲਿਆ, ਧੰਨ ਗੁਰੂ ਨਾਨਕ ਤੇ ਨਾਲ ਹੀ ਮਾਈ ਭਿਰਾਈ ਜੀ ਨੇ ਸਵਾਸ ਦੇ ਦਿੱਤੇ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਉਸ ਵੇਲੇ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਇਹ ਪੰਕਤੀ ਬੋਲੀ :

*ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥*

*(ਅੰਗ ੧੫੭)*

ਹੁਣ ਇੱਥੋਂ ਅੰਦਾਜ਼ਾ ਲਗਾ ਲਓ, ਕੈਸੇ ਸਾਡੇ ਗੁਰੂ ਨਾਨਕ ਮਹਾਰਾਜ ਜੀ ਦਾ ਘਰ ਹੈ, ਕੰਨਾਂ ਨੂੰ ਹੱਥ ਲੱਗ ਗਏ, ਮਾਈ ਭਿਰਾਈ ਜੀ ਦਾ ਸਸਕਾਰ, ਮਾਈ ਭਿਰਾਈ ਜੀ ਦਾ ਅਖੀਰਲਾ ਵੇਲਾ, ਸਾਰਾ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਆਪ ਸੰਭਾਲਿਆ। ਕੈਸਾ ਗੁਰੂ ਨਾਨਕ ਮਹਾਰਾਜ ਦਾ ਘਰ ਹੈ। ਕਿੰਨਾ ਸਤਿਕਾਰ ਹੈ, ਬੀਬੀਆਂ ਦਾ। ਅੱਜ ਇੱਕ ਰੰਗੀ ਹੋਈ ਰੂਹ, ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ, ਇਹ ਦੂਜਾ ਭਾਗ, ਮਾਈ ਭਿਰਾਈ ਜੀ ਦੇ ਜੀਵਨ ਦੇ ਆਪ ਜੀ ਨੇ ਦਰਸ਼ਨ ਕੀਤੇ ਹਨ, ਕੈਸਾ ਮਾਣ ਤੇ ਕੈਸਾ ਸਤਿਕਾਰ, ਗੁਰੂ ਨਾਨਕ ਮਹਾਰਾਜ ਜੀ ਦੇ ਘਰੋਂ ਉਨ੍ਹਾਂ ਨੂੰ ਮਿਲਿਆ। ਅੱਜ ਅਰਦਾਸ ਕਰਕੇ ਜਾਇਓ। ਉਹ ਪਿਆਰ ਦਾ ਕਿਨਕਾ, ਰੰਗ ਦਾ ਕਿਨਕਾ, ਪ੍ਰੀਤ ਦਾ ਕਿਨਕਾ, ਜੁਗਤੀ ਦਾ ਕਿਨਕਾ ਸਾਡੀ ਝੋਲੀ ਵਿੱਚ ਆਵੇ। ਇਹ ਜੁਗਤੀਆਂ ਹੀ ਸਨ :

*ਜਗ ਵਿੱਚ ਵਸੋ। ਵੈਰਾਗ ਵਿੱਚ ਰਸੋ।*

ਕੈਸੀ ਮਾਈ ਭਿਰਾਈ ਦੀਆਂ ਜੁਗਤੀਆਂ। ਕੈਸਾ ਪਿਆਰ। ਉਹ ਸਾਡੇ ਘਰਾਂ ਵਿੱਚ ਵੀ ਆਵੇ। ਸਭ ਨੂੰ ਜੀ ਆਇਆਂ ਨੂੰ। ਇੱਕ ਵਾਰੀ ਪੰਕਤੀ ਪੜ੍ਹਿਓ ਤੇ ਫਿਰ ਸਮਾਪਤੀ ਹੈ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਇਸ ਅੰਕ ਵਿੱਚ ਆਪ ਜੀ ਨੇ ਨਵੇਂ ਪ੍ਰਕਰਨ "ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਭਾਗ ਦੂਜਾ ਮਾਈ ਭਿਰਾਈ ਜੀ, ਜਿਨ੍ਹਾਂ ਦੇ ਪਰਸ਼ਾਦੇ ਵਿੱਚੋਂ ਭਾਈ ਮਰਦਾਨਾ ਜੀ ਨੂੰ ਬੇਬੇ ਨਾਨਕੀ ਜੀ ਦੇ ਪਰਸ਼ਾਦੇ ਵਾਲਾ ਸੁਆਦ ਆਇਆ। ਅਗਲੇ ਐਡੀਸ਼ਨ ਵਿੱਚ ਤੀਸਰੇ ਭਾਗ ਧੰਨ ਧੰਨ ਮਾਤਾ ਖੀਵੀ ਜੀ ਦੇ ਸਤਿਕਾਰ ਬਾਰੇ ਸਤਿਗੁਰੂ ਜੀ ਵਿਚਾਰਾਂ ਸਾਂਝੀਆਂ ਕਰਵਾਉਣ ਜੀ।

## ਕਲਮ ਹੋਏ ਸੀਸ ਨੂੰ ਤਲੀ 'ਤੇ ਟਿਕਾਉਣ ਵਾਲੇ

## ਕਲਮ ਅਤੇ ਕਿਰਪਾਨ ਦੇ ਧਨੀ

# ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ

*—ਰਣਜੀਤ ਸਿੰਘ ਰਾਣਾ*

ਸੰਨ 1699 ਦੀ ਵਿਸਾਖੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੀ ਖਾਲਸਾ ਪੰਥ ਦੀ ਸਿਰਜਣਾ ਦੇ ਅਗੰਮੀ ਕੌਤਕ ਨੇ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਨੂੰ ਪੂਰੀ ਤਰ੍ਹਾਂ ਸ੍ਰੀ ਅਨੰਦਪੁਰ ਸਾਹਿਬ ਨਾਲ ਜੋੜ ਦਿੱਤਾ। ਦੂਰ-ਦਰਾਡੇ ਪਿੰਡਾਂ-ਥਾਵਾਂ ਤੇ ਰਹਿਣ ਵਾਲੇ ਸਿੱਖ ਵੀ 'ਸਿੰਘ' ਲਕਬ (ਖਿਤਾਬ) ਦੇ ਧਾਰਨੀ ਹੋਣ ਲਈ, ਸਤਿਗੁਰੂ ਜੀ ਦੇ ਦਰਸ਼ਨ-ਦੀਦਾਰਿਆਂ ਲਈ, ਵਹੀਰਾਂ ਘੱਤ ਕੇ ਸ੍ਰੀ ਅਨੰਦਪੁਰ ਸਾਹਿਬ ਆਉਣ ਲੱਗੇ। ਅਜਿਹੇ ਹੀ ਸੁਭਾਗੇ ਸਿੱਖਾਂ ਵਿੱਚੋਂ ਇੱਕ ਸੀ, ਭਾਈ ਭਗਤੂ ਜੀ ਦਾ ਪਰਿਵਾਰ। ਆਪਣੇ ਸਾਰੇ ਪਰਿਵਾਰ ਨੂੰ ਸਤਿਗੁਰੂ ਜੀ ਦੇ ਬੇੜੇ ਚੜ੍ਹਾਉਣ ਦੀ ਮਨਸ਼ਾ ਨਾਲ ਪਿੰਡ ਪਹੂਵਿੰਡ, ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਭਾਈ ਭਗਤੂ ਜੀ, ਆਪਣੀ ਸੁਪਤਨੀ ਬੀਬੀ ਜੀਊਣੀ ਜੀ ਅਤੇ ਸਪੁੱਤਰ ਭਾਈ ਦੀਪੇ ਸਮੇਤ ਸੰਨ 1700 ਦੀ ਵਿਸਾਖੀ ਤੋਂ ਦੋ-ਚਾਰ ਦਿਨ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਪੁੱਜੇ।

ਅਕਾਲ ਪੁਰਖ ਦੀ ਫੌਜ 'ਖਾਲਸਾ ਪੰਥ' ਦੇ ਪ੍ਰਗਟ ਦਿਹਾੜੇ ਦੀ ਪਹਿਲੀ ਵਰ੍ਹੇਗੰਢ ਮੌਕੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਵਿਸ਼ਾਲ ਪੱਧਰ ਦਾ ਅੰਮ੍ਰਿਤ ਸੰਚਾਰ ਕੀਤਾ ਗਿਆ। ਉਚੇਚੇ ਤੌਰ 'ਤੇ ਦੂਰ-ਦੁਰਾਡਿਓਂ ਪੁੱਜੀਆਂ ਹਜ਼ਾਰਾਂ ਹੀ ਸੰਗਤਾਂ ਨੇ ਜਗਿਆਸੂ ਰੂਪ ਹੋ ਕੇ ਅੰਮ੍ਰਿਤਪਾਨ ਕੀਤਾ ਅਤੇ ਸਤਿਗੁਰੂ ਜੀ ਦੀ ਇਲਾਹੀ ਨਦਰਿ ਦੀਆਂ ਪਾਤਰ ਬਣੀਆਂ। ਭਾਈ ਭਗਤੂ ਜੀ, ਮਾਤਾ ਜਿਊਣੀ ਜੀ ਅਤੇ 18 ਸਾਲਾਂ ਦੇ ਮੁੱਛਫੁੱਟ ਗੱਭਰੂ ਭਾਈ ਦੀਪੇ ਨੂੰ ਵੀ ਇਸ ਸਮੇਂ ਅੰਮ੍ਰਿਤ ਦੀ ਅਮੁੱਲੀ ਦਾਤ ਪ੍ਰਾਪਤ ਹੋਈ। ਅੰਮ੍ਰਿਤ ਛੱਕਣ ਉਪਰੰਤ ਭਾਈ ਦੀਪੇ ਦਾ ਨਾਂ 'ਭਾਈ ਦੀਪ ਸਿੰਘ' ਰੱਖਿਆ ਗਿਆ। ਰੱਬੀ ਰਹਿਮਤਾਂ ਦੀਆਂ ਅਨੂਠੀਆਂ ਖੂਬੀਆਂ ਨਾਲ ਵਰੋਸਾਇਆ, ਇਹ ਹੀ ਦੀਪ ਸਿੰਘ, ਸਿੱਖ ਇਤਿਹਾਸ ਦਾ ਸੂਰਜ 'ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ' ਬਣ ਕੇ ਕੁਲ ਆਲਮ 'ਤੇ ਧਰੂਅ ਤਾਰੇ ਵਾਂਗ ਚਮਕਿਆ।

ਇਤਿਹਾਸਿਕ ਹਵਾਲਿਆਂ ਮੁਤਾਬਿਕ ਬਾਬਾ ਦੀਪ ਸਿੰਘ ਜੀ ਦਾ ਜਨਮ 27 ਜਨਵਰੀ 1682 ਈਸਵੀ ਨੂੰ ਮਾਝੇ ਦੇ ਮਸ਼ਹੂਰ ਪਿੰਡ ਪਹੂਵਿੰਡ ਵਿਖੇ ਹੋਇਆ। ਚੜ੍ਹਦੀ ਉਮਰੇ ਅੰਮ੍ਰਿਤ ਛੱਕ ਕੇ ਉਹ ਸਤਿਗੁਰੂ ਜੀ ਦੀ ਲਿਵ ਵਿੱਚ ਜੁੜ ਗਏ। ਸ੍ਰੀ ਅਨੰਦਪੁਰ ਸਾਹਿਬ ਦੇ ਰੱਬੀ ਰੰਗਾਂ ਨੇ ਉਨ੍ਹਾਂ ਦੀ ਰੂਹ ਦੀਆਂ ਤਰਬਾਂ ਛੇੜ ਦਿੱਤੀਆਂ। ਸ਼ਸ਼ਤਰਧਾਰੀ ਸੂਰਮੇ ਸਿੰਘਾਂ ਦੀ ਸੂਰਬੀਰਤਾ ਦੇ ਨਜ਼ਾਰਿਆਂ ਨੇ ਉਨ੍ਹਾਂ ਦੇ ਮਨ-ਮਸਤਕ ਵਿੱਚ ਜੂਝਣ ਦੀ ਬਿਰਤੀ ਉਜਾਗਰ ਕਰ ਦਿੱਤੀ। ਨੌਜਵਾਨ (ਬਾਬਾ) ਦੀਪ ਸਿੰਘ ਜੀ, ਕਲਗੀਧਰ ਪਿਤਾ ਜੀ ਦਾ ਹੁਕਮ ਮੰਨ ਕੇ ਅਤੇ ਮਾਤਾ-ਪਿਤਾ ਤੋਂ ਆਗਿਆ ਲੈ ਕੇ ਪੱਕੇ ਤੌਰ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਟਿਕ ਗਏ। ਸਤਿਗੁਰੂ ਜੀ ਦੀ ਦੇਖ-ਰੇਖ ਵਿੱਚ ਨੌਜਵਾਨ (ਬਾਬਾ) ਦੀਪ ਸਿੰਘ ਜੀ ਦੀ ਮੁੱਢਲੀ ਪੜ੍ਹਾਈ-ਲਿਖਾਈ ਅਤੇ ਸ਼ਸਤਰ-ਅਸਤਰ ਦੀ ਵਿਦਿਆ ਦਾ ਅਭਿਆਸ ਸ਼ੁਰੂ ਹੋਇਆ। ਚਾਰ ਸਾਲ ਦੀ ਨਿਰੰਤਰ ਘਾਲਣਾ ਨੇ (ਬਾਬਾ) ਦੀਪ ਸਿੰਘ ਜੀ ਨੂੰ

ਇਤਨਾ ਵਿਦਵਾਨ ਬਣਾ ਦਿੱਤਾ ਕਿ 22 ਕੁ ਸਾਲ ਦੀ ਛੋਟੀ ਉਮਰ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਜੂਹ ਵਿੱਚ ਵਸਦੇ ਸਾਰੇ ਸਿੱਖ ਉਨ੍ਹਾਂ ਨੂੰ 'ਬਾਬਾ ਜੀ' ਆਖ ਕੇ ਪੁਕਾਰਨ ਲੱਗ ਪਏ।

ਇਸ ਸਮੇਂ ਦੌਰਾਨ ਬਾਬਾ ਦੀਪ ਸਿੰਘ ਜੀ ਘੋੜ-ਸਵਾਰੀ ਅਤੇ ਸ਼ਸ਼ਤਰ ਵਿਦਿਆ ਵਿੱਚ ਇਤਨੇ ਨਿਪੁੰਨ ਹੋ ਗਏ ਕਿ ਇੱਕ ਦਿਨ ਸਤਿਗੁਰੂ ਜੀ ਦਾ ਇਸ਼ਾਰਾ ਪਾ ਕੇ ਇਕੱਲਿਆਂ ਨੇ ਹੀ ਸ਼ੇਰ ਦਾ ਸ਼ਿਕਾਰ ਕਰ ਦਿੱਤਾ। ਸ੍ਰੀ ਅਨੰਦਪੁਰ ਸਾਹਿਬ ਜੁੜੀਆਂ ਸੰਗਤਾਂ ਵਿੱਚ ਜਿੱਥੇ ਬਾਬਾ ਦੀਪ ਸਿੰਘ ਜੀ ਦੀਆਂ ਮੋਤੀਆਂ ਵਰਗੀ ਲਿਖਾਈ ਦੀ ਚਰਚਾ ਛਿੜਦੀ, ਉੱਥੇ ਗਤਕੇ ਦੇ ਅਖਾੜੇ ਵਿੱਚ ਉਨ੍ਹਾਂ ਵੱਲੋਂ ਪੁੱਟੇ ਗਏ ਪੈਂਤੜਿਆਂ ਦੀ ਗੱਲ ਵੀ ਪਾਈ ਜਾਂਦੀ। ਬਾਬਾ ਦੀਪ ਸਿੰਘ ਜੀ, ਸਤਿਗੁਰੂ ਜੀ ਦੇ ਚਰਨਾਂ ਵਿੱਚ ਰਹਿ ਕੇ ਕਲਮ ਅਤੇ ਕਿਰਪਾਨ ਦੀ ਵਰਤੋਂ ਦੇ ਧਨੀ ਬਣ ਗਏ। ਉਨ੍ਹਾਂ ਦੀ ਸੁਭਾਗੀ ਨੇੜਤਾ ਪਾ ਕੇ ਸੂਰਬੀਰਤਾ ਅਤੇ ਵਿਦਵਤਾ ਇੱਕ ਬਿੰਦੂ 'ਤੇ ਇਕੱਠੀਆਂ ਹੋ ਗਈਆਂ। ਸਰਸਵਤੀ ਅਤੇ ਚੰਡੀ ਉਨ੍ਹਾਂ ਦੇ ਪੋਟਿਆਂ ਨੂੰ ਪਲੋਸਣ ਲੱਗੀਆਂ।

ਪੂਰੇ ਚਾਰ ਵਰ੍ਹੇ ਬਾਅਦ, ਸੰਨ 1704 ਦੀ ਵਿਸਾਖੀ ਸਮੇਂ ਸ੍ਰੀ ਅਨੰਦਪੁਰ ਸਾਹਿਬ ਪੁੱਜੇ ਭਾਈ ਭਗਤੂ ਜੀ ਅਤੇ ਮਾਤਾ ਜਿਊਣੀ ਜੀ ਨੇ ਕਲਗੀਧਰ ਪਾਤਸ਼ਾਹ ਜੀ ਦੇ ਹਜ਼ੂਰ ਬਾਬਾ ਦੀਪ ਸਿੰਘ ਜੀ ਨੂੰ ਅਨੰਦ ਕਾਰਜ ਲਈ ਪਿੰਡ ਲਿਜਾਣ ਦੀ ਬੇਨਤੀ ਕੀਤੀ। ਸਤਿਗੁਰੂ ਜੀ ਦਾ ਹੁਕਮ ਮੰਨ ਕੇ ਬਾਬਾ ਦੀਪ ਸਿੰਘ ਜੀ, ਆਪਣੇ ਮਾਤਾ-ਪਿਤਾ ਨਾਲ ਪਿੰਡ ਪਹੂਵਿੰਡ ਪਹੁੰਚ ਗਏ। ਇਧਰ ਵਿਆਹ ਦੀਆਂ ਤਿਆਰੀਆਂ ਵਜੋਂ ਬਾਬਾ ਦੀਪ ਸਿੰਘ ਲਈ ਹਾਣੀ-ਪ੍ਰਵਾਣੀ ਰਿਸ਼ਤੇ ਦੀ ਭਾਲ ਕੀਤੀ ਜਾ ਰਹੀ ਸੀ, ਉਧਰ ਦਿੱਲੀ ਦੀਆਂ ਫੌਜਾਂ ਦੇ ਨਾਲ-ਨਾਲ ਬਾਈਧਾਰ ਦੇ ਪਹਾੜੀ ਰਾਜੇ, ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰ ਸਾਂਝੇ ਤੌਰ 'ਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਨ ਦੇ ਮਨਸੂਬੇ ਉਲੀਕ ਰਹੇ ਸਨ। ਏਧਰ ਪਹੂਵਿੰਡ ਵਿੱਚ ਵਿਆਹ ਦੀਆਂ ਤਿਆਰੀਆਂ ਮੁਕੰਮਲ ਹੋਈਆਂ, ਉਧਰੋਂ ਸਤਿਗੁਰੂ ਜੀ ਦੇ ਸ੍ਰੀ ਅਨੰਦਪੁਰ ਸਾਹਿਬ ਛੱਡਣ ਦੀ ਖਬਰ ਆ ਗਈ। ਸ਼ਾਦੀ ਅਜੇ ਹੋਣੀ ਸੀ ਕਿ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦ ਹੋਣ ਦੀ ਸੂਹ ਮਾਝੇ ਦੇ ਪਿੰਡਾਂ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਬਾਬਾ ਦੀਪ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਰਹਿੰਦਿਆਂ ਮਾਤਾ ਗੁਜਰੀ ਜੀ ਕੋਲੋਂ ਲਾਡਲੇ ਪੁੱਤਰਾਂ ਵਾਲਾ ਪਿਆਰ ਹੰਢਾਇਆ ਸੀ। ਉਨ੍ਹਾਂ ਨੇ ਦੋਹਾਂ ਛੋਟੇ ਸਾਹਿਜ਼ਾਦਿਆਂ ਨੂੰ ਕਈ ਵਾਰ ਕੰਧੇੜੇ ਚੁੱਕ ਕੇ ਖਿਡਾਇਆ ਸੀ। ਬਾਬਾ ਫਤਹਿ ਸਿੰਘ ਜੀ ਨੂੰ ਗੁਰਬਾਣੀ ਦੀਆਂ ਮਿੱਠੀਆਂ-ਮਿੱਠੀਆਂ ਲੋਰੀਆਂ ਅਨੇਕਾਂ ਵਾਰ ਸੁਣਾਈਆਂ ਸਨ। ਗੱਤਕੇ ਦੇ ਅਖਾੜੇ ਵਿੱਚ ਸ਼ਸ਼ਤਰਾਂ ਦਾ ਅਭਿਆਸ ਕਰਦਿਆਂ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਨੂੰ ਕਈ ਦਾਅ-ਪੇਚ ਸਿਖਾਏ ਸਨ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਬਾਬਾ ਦੀਪ ਸਿੰਘ ਜੀ ਨੂੰ ਦੁਨਿਆਵੀ ਮੋਹ ਤੋਂ ਵਿਰੱਕਤ ਕਰ ਦਿੱਤਾ। ਉਨ੍ਹਾਂ ਦਾ ਮਨ ਵਿਆਕੁਲ ਹੋ ਗਿਆ। ਸਤਿਗੁਰੂ ਜੀ ਦੇ ਪਰਿਵਾਰ 'ਤੇ ਏਡੀ ਭਾਰੀ ਪਈ ਹੋਵੇ ਅਤੇ ਉਹ ਸ਼ਾਦੀ ਦਾ ਢੋਲ-ਢਮਕਾ ਲੋਚੇ, ਅਜਿਹਾ ਹਰਗਿਜ਼ ਨਹੀਂ ਸੀ ਹੋ ਸਕਦਾ। ਉਹ ਇਲਾਕੇ ਦੇ ਨੌਜਵਾਨਾਂ ਦਾ ਜੱਥਾ ਇਕੱਤਰ ਕਰ ਕੇ ਮਾਲਵੇ ਵੱਲ ਤੁਰ ਪਏ। ਜਿਧਰੋਂ-ਜਿਧਰੋਂ ਸਤਿਗੁਰੂ ਜੀ ਦੀ ਕੰਨਸੋਅ ਆਈ, ਉਸੇ ਪਾਸੇ ਉਨ੍ਹਾਂ ਦੇ ਜੰਗਜੂ ਜੱਥੇ ਦੀ ਮੁਹਾਰ ਹੁੰਦੀ ਗਈ। ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਪੁੱਜ ਕੇ ਬਾਬਾ ਦੀਪ ਸਿੰਘ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਡੰਡਓਤ ਕੀਤੀ। ਸਤਿਗੁਰੂ ਜੀ ਨੇ ਅਸੀਸਾਂ ਭਰਿਆ ਥਾਪੜਾ ਦਿੱਤਾ।

ਸ੍ਰੀ ਦਮਦਮਾ ਸਾਹਿਬ ਵਿਚਰਦਿਆਂ, ਬਾਬਾ ਦੀਪ ਸਿੰਘ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਾਲੇ ਨਜ਼ਾਰੇ ਨਜ਼ਰ ਨਾ ਆਉਂਦੇ, ਸਾਹਿਬਜ਼ਾਦਿਆਂ ਦੇ ਤੇਜਸਵੀ ਮੁਖੜੇ ਨਾ ਦਿੱਸਦੇ, ਮਾਤਾ ਗੁਜਰੀ ਜੀ ਦੀਆਂ ਮਮਤਾ ਭਰੀਆਂ ਨੂਰਾਨੀ ਅਸੀਸਾਂ ਦੀ ਘਾਟ ਮਹਿਸੂਸ ਹੁੰਦੀ ਅਤੇ ਸਭ ਤੋਂ ਵੱਧ ਬਿਪਤਾ ਭਰੇ ਦਿਨਾਂ ਵਿੱਚ ਸਤਿਗੁਰੂ ਜੀ ਤੋਂ

ਦੂਰ ਹੋਣ ਦੀ ਉਦਾਸੀ ਹੁੰਦੀ। ਅਜਿਹੀਆਂ ਇਕਾਂਤ ਦੀਆਂ ਘੜੀਆਂ ਵਿੱਚ ਬਾਬਾ ਦੀਪ ਸਿੰਘ ਜੀ ਪਛਤਾਵੇ ਦੇ ਕੋਸੇ ਅੱਥਰੂਆਂ ਨਾਲ ਸਤਿਗੁਰੂ ਜੀ ਦੇ ਚਰਨ ਧੋ ਦਿੰਦੇ। ਅਜਿਹੇ ਸਮਿਆਂ ਵਿੱਚ ਚੋਜੀ ਪ੍ਰੀਤਮ ਜੀ ਵਿਸਮਾਦੀ ਅਵਸਥਾ ਵਿੱਚੋਂ ਦਿਲਾਸਾ ਦਿੰਦੇ ਹੋਏ ਸਮਝਾਉਂਦੇ, "ਦੀਪ ਸਿੰਘ, ਗੁਰੂ ਨਾਨਕ ਸਾਹਿਬ ਦਾ ਘਰ ਨਿੱਜੀ ਖੁਸ਼ੀਆਂ-ਗਮੀਆਂ ਤੋਂ ਬਹੁਤ ਉੱਪਰ ਹੈ। ਸਾਡਾ ਮੰਤਵ ਜੰਗ-ਯੁੱਧ ਨਹੀਂ, ਸਗੋਂ ਸਰਬੱਤ ਦਾ ਭਲਾ ਹੈ। ਸਮੁੱਚੀ ਮਾਨਵਤਾ ਦੀ ਭਲਾਈ ਲਈ ਲੋਟੂਆਂ ਨਾਲ ਟੱਕਰ ਹੋਣੀ ਵੀ ਇੱਕ ਲਾਜ਼ਮੀ ਵਰਤਾਰਾ ਹੈ, ਇਸ ਨੂੰ ਰੱਬੀ ਭਾਣਿਆਂ ਦਾ ਅਗੰਮੀ ਅਨੰਦ ਸਮਝੋ, ਵਾਹਿਗੁਰੂ ਦਾ ਜੱਸ ਗਾਇਨ ਕਰਦਿਆਂ ਸਮੁੱਚੀ ਮਨੁੱਖਤਾ ਦੇ ਭਲੇ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਮਨੁੱਖਾ ਜ਼ਿੰਦਗੀ ਦਾ ਤੱਤਸਾਰ ਇਸ ਦੀ ਸਹਿਜ ਕਰਮਸ਼ੀਲਤਾ ਵਿੱਚ ਹੈ।"

ਸੰਤ-ਸਿਪਾਹੀ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਪੈਗੰਬਰੀ ਬੋਲ ਸੁਣ ਕੇ ਬਾਬਾ ਜੀ ਵਜੂਦ ਵਿੱਚ ਆ ਜਾਂਦੇ ਅਤੇ ਕਈ-ਕਈ ਘੜੀਆਂ ਉਨ੍ਹਾਂ ਦੀ ਲਿਵ ਚਰਨ-ਕੰਵਲਾਂ ਨਾਲ ਜੁੜੀ ਰਹਿੰਦੀ। ਸਤਿਗੁਰੂ ਜੀ ਦੀ ਕ੍ਰਿਪਾ-ਦ੍ਰਿਸ਼ਟੀ ਸਦਕਾ ਉਹ ਬ੍ਰਹਮ-ਗਿਆਨ ਦੇ ਮਾਲਕ ਬਣ ਗਏ।

ਸ੍ਰੀ ਦਮਦਮਾ ਸਾਹਿਬ ਰਹਿੰਦਿਆਂ, ਅਮਨ-ਸ਼ਾਂਤੀ ਦਾ ਸਮਾਂ ਜਾਣ ਕੇ ਦਸਮੇਸ਼ ਪਿਤਾ ਜੀ ਨੇ ਆਪਣੀ ਦੇਖ-ਰੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਮਾਣਿਤ ਸਰੂਪ ਤਿਆਰ ਕਰਨ ਦਾ ਕਾਰਜ ਆਰੰਭ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਮੁਖਾਰਬਿੰਦ ਤੋਂ ਗੁਰਬਾਣੀ ਦਾ ਉਚਾਰਨ ਕਰਕੇ ਦਰਸਾਈ ਜਾਂਦੇ, ਭਾਈ ਮਨੀ ਸਿੰਘ ਜੀ ਆਪਣੇ ਮੁਬਾਰਕ ਹੱਥਾਂ ਨਾਲ ਲਿਖੀ ਜਾਂਦੇ। ਸਾਰੇ ਅੰਗਾਂ ਦੀ ਨਾਲੋ-ਨਾਲ ਸੁਧਾਈ ਅਤੇ ਲਿਖਾਈ ਦੇ ਨਾਲ-ਨਾਲ ਸਿਆਹੀ ਤੇ ਕਲਮਾਂ ਤਿਆਰ ਕਰਨ ਦੀ ਜ਼ਿੰਮੇਵਾਰੀ ਬਾਬਾ ਦੀਪ ਸਿੰਘ ਜੀ ਨੇ ਨਿਭਾਈ। ਇੰਝ ਇੱਕੋ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਸਰੂਪ ਤਿਆਰ ਹੋਏ। 'ਸੁਧ ਕੀਚੈ' ਦਾ ਕਾਰਜ ਮੁਕੰਮਲ ਹੋਣ ਉਪਰੰਤ ਕਲਗੀਧਰ ਪਾਤਸ਼ਾਹ ਜੀ ਇੱਕ ਸਰੂਪ ਨੂੰ ਲੈ ਕੇ ਦੱਖਣ ਦੇਸ਼ ਵੱਲ ਰਵਾਨਾ ਹੋਏ। ਦਮਦਮਾ ਸਾਹਿਬ ਬੈਠ ਕੇ, ਬਾਬਾ ਦੀਪ ਸਿੰਘ ਜੀ ਨੇ ਇਸ ਪਾਵਨ ਸਰੂਪ ਦੇ ਚਾਰ ਹੋਰ ਬਹੁਤ ਹੀ ਸੁੰਦਰ ਲਿਖਾਈ ਵਿੱਚ ਉਤਾਰੇ ਕੀਤੇ। ਪ੍ਰਮਾਣ ਵਜੋਂ 'ਪੰਥ ਪ੍ਰਕਾਸ਼' ਦਾ ਕਥਨ ਹਾਜ਼ਰ ਹੈ ਜੀ:

*ਨਿਤਪ੍ਰਤ ਗੁਰੂ ਉਚਾਰੀ ਜੈਸੇ।*
*ਬਾਣੀ ਲਿਖੀ ਮਨੀ ਸਿੰਘ ਤੈਸੇ।*
*ਔਰ ਚਾਰ ਤਿਸ ਪਰਤੈ ਭਾਏ।*
*ਦੀਪ ਸਿੰਘ ਸ਼ਹੀਦ ਲਿਖਾਏ।*

ਬਾਬਾ ਦੀਪ ਸਿੰਘ ਜੀ ਵੱਲੋਂ ਬੜੀ ਮਿਹਨਤ ਨਾਲ ਮੋਤੀਆਂ ਵਰਗੀ ਜੜਤ ਸਹਿਤ ਤਿਆਰ ਕੀਤੇ ਇਹ ਚਾਰੋ ਉਤਾਰੇ ਬਾਅਦ ਵਿੱਚ ਖਾਲਸਾ ਪੰਥ ਦੇ ਚਹੁੰਆਂ ਤਖ਼ਤਾਂ, ਸ੍ਰੀ ਅਕਾਲ ਤਖ਼ਤ ਸਾਹਿਬ (ਸ੍ਰੀ ਅੰਮ੍ਰਿਤਸਰ ਸਾਹਿਬ), ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ), ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਸੁਸ਼ੋਭਿਤ ਕੀਤੇ ਗਏ। ਬਾਬਾ ਦੀਪ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਹੋਰ ਸਰੂਪ ਫ਼ਾਰਸੀ ਅੱਖਰਾਂ ਵਿੱਚ ਵੀ ਤਿਆਰ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਸਾਹਿਬ ਵੱਲ ਤੁਰਨ ਅਤੇ ਭਾਈ ਮਨੀ ਸਿੰਘ ਜੀ ਦੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਾਰ ਸਾਹਿਬ ਦੇ ਹੈੱਡ ਗ੍ਰੰਥੀ ਨਿਯੁਕਤ ਹੋਣ ਉਪਰੰਤ ਸ੍ਰੀ ਦਮਦਮਾ ਸਾਹਿਬ ਵਾਲੇ ਪ੍ਰਚਾਰ ਦੇ ਸਾਰੇ ਕਾਰ-ਵਿਹਾਰ ਦੀ ਜ਼ਿੰਮੇਵਾਰੀ ਅਤੇ ਜੱਥੇਦਾਰੀ, ਬਾਬਾ ਦੀਪ ਸਿੰਘ ਜੀ ਨੇ ਸੰਭਾਲੀ। ਕਲਗੀਧਰ ਪਾਤਸ਼ਾਹ ਜੀ ਦੇ ਕਰੀਬ ਡੇਢ ਕੁ ਸਾਲ ਦੇ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਾਲੇ ਮੁਕਾਮ ਨੇ ਇਸ ਅਸਥਾਨ ਨੂੰ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਬਣਾ ਦਿੱਤਾ ਸੀ। ਬਾਬਾ ਜੀ ਦੀ ਲਗਨ, ਮਿਹਨਤ,

ਸਿਰੜ ਅਤੇ ਸਿਦਕ ਨੇ ਸ੍ਰੀ ਦਮਦਮਾ ਸਾਹਿਬ ਦੇ ਇਸ ਰੁਤਬੇ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ ਅਤੇ ਸਤਿਗੁਰੂ ਜੀ ਦੇ ਪਾਏ ਪੂਰਨਿਆਂ 'ਤੇ ਅਤੁੱਟ ਸ਼ਰਧਾ ਅਤੇ ਅਥਾਹ ਸਿਦਕ ਸਹਿਤ ਤੁਰਦਿਆਂ ਹੋਰ ਵੀ ਬੁਲੰਦੀਆਂ ਬਖਸ਼ੀਆਂ।

ਦਸਮੇਸ਼ ਪਿਤਾ ਜੀ ਦਾ ਹੁਕਮਨਾਮਾ, ਪੰਜ ਤੀਰ ਅਤੇ ਸਤਿਗੁਰੂ ਜੀ ਵੱਲੋਂ ਬਖਸ਼ਿਆ ਨਗਾਰਾ ਲੈ ਕੇ ਨਾਂਦੇੜ ਤੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਜਦ ਪੰਜਾਬ ਪਹੁੰਚੇ ਤਾਂ ਬਾਬਾ ਦੀਪ ਸਿੰਘ ਜੀ ਸਿਰਲੱਥ ਸੂਰਬੀਰ ਸਿੰਘਾਂ ਦਾ ਇੱਕ ਵੱਡਾ ਜੱਥਾ ਲੈ ਕੇ ਅਗਲਵਾਂਢੀ ਹੋ ਕੇ ਮਿਲੇ। ਸਢੌਰੇ ਅਤੇ ਸਮਾਣੇ ਨੂੰ ਸੋਧਣ ਉਪਰੰਤ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਵੱਲ ਕੂਚ ਕੀਤਾ। ਚੱਪੜਚਿੜੀ ਦੇ ਮੈਦਾਨ ਵਿੱਚ ਬੜਾ ਲਹੂ ਡੋਲ੍ਹਵਾਂ ਟਾਕਰਾ ਖਾਲਸੇ ਅਤੇ ਸਰਹਿੰਦ ਦੀਆਂ ਫੌਜਾਂ ਵਿਚਕਾਰ ਹੋਇਆ। ਫਤਹਿ ਦੇ ਜੈਕਾਰਿਆਂ ਨਾਲ ਮੈਦਾਨ ਖਾਲਸੇ ਦੇ ਹੱਥ ਰਿਹਾ। ਸਰਹਿੰਦ ਦੀ ਇੱਟ-ਇੱਟ ਕੀਤੀ ਗਈ। ਸੂਬੇਦਾਰ ਵਜ਼ੀਦ ਖਾਂ ਅਤੇ ਦੀਵਾਨ ਸੁੱਚਾ ਨੰਦ ਪਾਪੀ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਦਿੱਤੀ ਗਈ। 24 ਮਈ 1710 ਈ. ਨੂੰ ਪੰਜਾਬ ਦੀ ਧਰਤੀ ਦੇ ਇੱਕ ਟੱਪੇ 'ਤੇ ਖਾਲਸੇ ਦਾ ਪਲੇਠਾ ਰਾਜ ਕਾਇਮ ਹੋਇਆ ਅਤੇ

*ਦੇਗ ਤੇਗ ਫਤਹਿ ਨੁਸਰਤ ਬੇਦਰੰਗ ॥*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥*

ਨਾਂ ਦੀ ਮੋਹਰ ਅਤੇ ਖਾਲਸਈ ਸਿੱਕਾ ਚਾਲੂ ਕੀਤਾ ਗਿਆ। ਬਾਬਾ ਬੰਦਾ ਸਿੰਘ ਜੀ ਬਹਾਦਰ ਪਹਿਲੇ *'ਸਿੱਖ ਮਹਾਰਾਜਾ'* ਬਣੇ।

ਬਾਬਾ ਦੀਪ ਸਿੰਘ ਜੀ ਚੱਪੜਚਿੜੀ ਦੇ ਮੈਦਾਨ ਵਿੱਚ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਜਿਸ ਬਹਾਦਰੀ ਨਾਲ ਲੜੇ ਸਨ, ਉਨ੍ਹਾਂ ਨੂੰ ਦੇਖਦੇ ਹੋਏ ਭਰੇ ਦਰਬਾਰ ਵਿੱਚ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਬਾਬਾ ਦੀਪ ਸਿੰਘ ਜੀ ਨੂੰ *'ਜਿੰਦਾ ਸ਼ਹੀਦ'* ਦੇ ਲਕਬ (ਖਿਤਾਬ) ਨਾਲ ਸਨਮਾਨਿਤ ਕੀਤਾ। ਇੰਝ ਲਕਬ *'ਬਾਬਾ'* ਤੋਂ ਬਾਅਦ *'ਸ਼ਹੀਦ'* ਦਾ ਸਨਮਾਨਿਤ ਖਿਤਾਬ ਵੀ ਉਨ੍ਹਾਂ ਦੇ ਸਤਿਕਾਰਤ ਨਾਮ ਨਾਲ ਚੜ੍ਹਦੀ ਜਵਾਨੀ ਦੀ ਉਮਰ ਵਿੱਚ ਹੀ ਜੁੜ ਗਿਆ।

ਸਰਹਿੰਦ ਦੀ ਇਸ ਇਤਿਹਾਸਿਕ ਜਿੱਤ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਤੋਂ ਆਗਿਆ ਲੈ ਕੇ ਸ਼ਹੀਦ ਬਾਬਾ ਦੀਪ ਸਿੰਘ ਜੀ ਆਪਣੇ ਵਿੱਢੇ ਹੋਏ ਗੁਰਮਤਿ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਦੇ ਕਾਰਜ ਖੇਤਰ ਨੂੰ ਹੋਰ ਲਾਮਬੰਦ ਕਰਨ ਲਈ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਪੁੱਜ ਗਏ। ਬਾਬਾ ਜੀ ਨੇ ਦਮਦਮਾ ਸਾਹਿਬ ਨੂੰ ਆਪਣਾ ਮੁੱਖ ਅਸਥਾਨ ਬਣਾ ਕੇ ਪੂਰੀ ਵਿਉਂਤ ਨਾਲ ਚੌਪਾਸੇ ਸਿੱਖੀ ਦੀ ਇੱਕ ਲਹਿਰ ਛੇੜ ਦਿੱਤੀ। ਬਾਬਾ ਦੀਪ ਸਿੰਘ ਜੀ ਦੀ ਸੁਚੱਜੀ ਵਿਉਂਤਬੰਦੀ ਨਾਲ, ਸ੍ਰੀ ਦਮਦਮਾ ਸਾਹਿਬ ਹਕੂਮਤੀ ਜਬਰ-ਜ਼ੁਲਮ ਦੇ ਸਤਾਏ ਸਿੱਖ ਪਰਿਵਾਰਾਂ ਲਈ ਇੱਕ ਠਾਹਰ ਅਤੇ ਜੰਗਜੂ ਸਿੰਘਾਂ ਲਈ ਔਖੇ ਵੇਲੇ ਦੀ ਪਨਾਹ ਬਣ ਗਿਆ।

ਦੂਰਦ੍ਰਿਸ਼ਟੀ ਅਤੇ ਦਿਬਦ੍ਰਿਸ਼ਟੀ ਦੇ ਮਾਲਕ ਬਾਬਾ ਦੀਪ ਸਿੰਘ ਜੀ ਧਰਮ ਪ੍ਰਚਾਰ ਦੇ ਕਾਰਜ ਨੂੰ ਇਤਨਾ ਮਹੱਤਵ ਦਿੰਦੇ ਸਨ ਕਿ ਜਦੋਂ ਮਾਝੇ ਦੇ ਪਿੰਡਾਂ ਵਿੱਚ ਸਿੱਖ ਜੁਝਾਰੂ ਯੋਧਿਆਂ ਵੱਲੋਂ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜੀ ਜਾ ਰਹੀ ਸੀ, ਬਾਬਾ ਜੀ ਅਡੋਲ ਸਿੱਖੀ ਦੇ ਪਸਾਰ ਲਈ ਯਤਨਸ਼ੀਲ ਸਨ। ਇੱਥੋਂ ਤੱਕ ਕਿ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹਾਦਤ, ਭਾਈ ਤਾਰਾ ਸਿੰਘ ਵਾਂ ਦੀ ਸ਼ਹਾਦਤ, ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ ਵੀ ਬਾਬਾ ਦੀਪ ਸਿੰਘ ਜੀ ਧਰਮ ਪ੍ਰਚਾਰ ਕਰਦੇ ਰਹੇ। ਸੀਨਾ-ਬਸੀਨਾ ਤੁਰੀਆਂ ਆਉਂਦੀਆਂ ਇਤਿਹਾਸਿਕ ਯਾਦਾਂ ਦੇ ਹਵਾਲੇ ਤਾਂ ਇਹ ਵੀ ਆਖਦੇ ਹਨ ਕਿ ਬੀਕਾਨੇਰ ਤੋਂ ਮੱਸੇ ਰੰਘੜ ਨੂੰ ਸੋਧਣ ਤੁਰੇ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਦਮਦਮਾ ਸਾਹਿਬ ਵਿਖੇ ਬਾਬਾ ਦੀਪ ਸਿੰਘ ਜੀ ਕੋਲ ਠਾਹਰ ਕੀਤੀ ਸੀ ਅਤੇ ਬਾਬਾ ਜੀ ਨੇ ਉਨ੍ਹਾਂ ਦੀ ਕਾਰਜਸਿੱਧੀ ਲਈ ਅਰਦਾਸ ਵੀ ਕੀਤੀ ਸੀ।

*—ਬਾਕੀ ਹਿੱਸਾ ਅਗਲੇ ਅੰਕ 'ਚ ਪੜ੍ਹੋ ਜੀ*

# ਜ਼ਿੰਦਗੀ ਦੀਆਂ ਬਰੀਕੀਆਂ

## ਸਵਾਲ ਜਵਾਬ

ਪਿਆਰੇ ਪਾਠਕੋ,

ਕਈ ਵਾਰ ਸੰਗਤਾਂ ਆਪਣੇ ਮਨ ਦੇ ਵਿਚਾਰ ਜਾਂ ਪਰਮਾਰਥ ਦੇ ਰਾਹ ਤੇ ਚੱਲਣ ਲਈ ਅਹਿਮ ਸਵਾਲ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨਾਲ ਸਾਂਝੇ ਕਰਦੀਆਂ ਰਹਿੰਦੀਆਂ ਹਨ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਇਨ੍ਹਾਂ ਸਵਾਲਾਂ ਨੂੰ ਜਵਾਬ ਸਹਿਤ ਪਿਛਲੇ ਕਾਫ਼ੀ ਸਮੇਂ ਤੋਂ ਲੜੀਵਾਰ ਸਿਫਤਿ ਸਾਲਾਹ ਰਸਾਲੇ ਵਿੱਚ ਛਾਪਿਆ ਜਾ ਰਿਹਾ ਹੈ ਕਿਉਂਕਿ ਤਕਰੀਬਨ ਹਰ ਇਕ ਜਗਿਆਸੂ ਨੂੰ ਇਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੀ ਪਤਾ ਕਿਸ ਨੂੰ ਆਪਣਾ ਜਵਾਬ ਇਸ ਵਿੱਚੋਂ ਪ੍ਰਾਪਤ ਹੋ ਜਾਵੇ ਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਜਾਣ। ਪਿਛਲੇ ਅੰਕਾਂ ਵਿੱਚ 465 ਸਵਾਲਾਂ ਦੇ ਜਵਾਬ ਦਿੱਤੇ ਗਏ ਸਨ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਲੜੀ ਅੱਗੇ ਤੋਰ ਰਹੇ ਹਾਂ ਜੀ। ਅਸੀਂ ਧੰਨਵਾਦੀ ਹਾਂ ਸਮੂਹ ਸੰਗਤਾਂ ਦੇ ਜਿਨ੍ਹਾਂ ਨੇ ਇਹ ਉੱਦਮ ਉਪਰਾਲਾ ਕੀਤਾ ਹੈ।

*—ਬੀਬੀ ਜਤਿੰਦਰ ਕੌਰ*
*(ਜੋਤੀ ਦਾਰਾ ਭੈਣ ਜੀ, ਅਮਰੀਕਾ ਵਾਲੇ)*

*ਲੜੀ ਜੋੜਨ ਲਈ*
*ਪਿਛਲਾ ਅੰਕ ਦੇਖੋ ਜੀ :-*

466. **ਸਵਾਲ :** ਸਤਿਕਾਰਯੋਗ ਵੀਰ ਜੀ, ਗੁਰੂ ਦੇ ਸਿੱਖ ਦੀ ਕਿਰਤ ਕਿਹੋ ਜਿਹੀ ਹੋਵੇ ਜਿਸ ਨਾਲ ਧੰਨ ਗੁਰੂ ਨਾਨਕ ਮਹਾਰਾਜ ਜੀ ਦੀ ਖੁਸ਼ੀ ਝੋਲੀ ਵਿੱਚ ਪਵੇ?

**ਜਵਾਬ :** ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਸਿੱਖ ਦੇ ਜਿਹੜੇ ਮੁੱਢਲੇ ਅਸੂਲ ਬਖਸ਼ਿਸ ਕੀਤੇ ਹਨ, ਕਿਰਤ ਕਰਨ, ਨਾਮ ਜਪਣ ਤੇ ਵੰਡ ਛੱਕਣ। ਕਿਰਤ ਕਰਨਾ ਸਭ ਤੋਂ ਪਹਿਲਾਂ ਬਚਨ ਕੀਤਾ ਹੈ, ਨਾਮ ਜਪਣ ਤੇ ਵੰਡ ਛੱਕਣ ਬਾਅਦ ਵਿੱਚ ਰੱਖੇ ਹਨ ਤੇ ਕਿਰਤ ਵੀ ਉਹ ਕਰਨੀ ਹੈ ਜਿਹੜੀ ਦਸਾਂ ਨਹੁੰਆਂ ਦੀ ਨੇਕ ਕਮਾਈ ਦੀ ਹੋਵੇ, ਸ਼ੁੱਧ ਕਿਰਤ ਹੋਵੇ।

*ਊਠਤ ਬੈਠਤ ਹਰਿ ਹਰਿ ਧਿਆਈਐ*
*ਅਨਦਿਨੁ ਸੁਕ੍ਰਿਤੁ ਕਰੀਐ ॥*
*(ਅੰਗ ੬੨੧-੨੨)*

ਇੱਥੇ ਗੁਰੂ ਸਾਹਿਬ ਜੀ ਨੇ ਸੁਕ੍ਰਿਤੁ ਸ਼ਬਦ ਵਰਤਿਆ ਹੈ ਤੇ ਸੁਕ੍ਰਿਤੁ ਦਾ ਅਰਥ ਹੈ, ਚੰਗੀ ਕਿਰਤ, ਸ਼ੁੱਧ ਕਿਰਤ। ਜਿਸ ਕਿਰਤ ਵਿੱਚ ਕੋਈ ਹੇਰਾਫੇਰੀ ਨਹੀਂ, ਕੋਈ ਰਿਸ਼ਵਤਖੋਰੀ ਨਹੀਂ, ਕੋਈ ਲਾਲਚ ਨਹੀਂ। ਕਾਰਨ ਕੀ? ਕਿਰਤ ਦਾ ਪਰਮਾਰਥ ਨਾਲ ਬਹੁਤ ਵੱਡਾ ਸੰਬੰਧ ਹੈ। ਬਾਬਾ ਨੰਦ ਸਿੰਘ ਜੀ ਤਾਂ ਇੱਥੋਂ ਤੱਕ ਬਚਨ ਕਰਦੇ ਸਨ ਕਿ ਜਿਸ ਦੀ ਕਿਰਤ ਸ਼ੁੱਧ ਨਹੀਂ, ਉਸ ਦਾ ਪਰਮਾਰਥ ਕਦੇ ਨਹੀਂ ਸੁਧਰ ਸਕਦਾ। ਕਿਰਤ ਦਾ ਸੰਬੰਧ ਸਿੱਧਾ ਧਰਮਰਾਜ ਦੇ ਲੇਖੇ ਨਾਲ ਹੈ। ਕਿਰਤ ਕਈ

ਪ੍ਰਕਾਰ ਦੀ ਹੋ ਸਕਦੀ ਹੈ ਤੇ ਹਰ ਕਿਰਤ ਨੂੰ ਗੁਰੂ ਦੇ ਆਸ਼ੇ ਮੁਤਾਬਕ ਹੀ ਨਿਭਾਉਣਾ, ਇਹ ਹਰ ਸਿੱਖ ਦਾ ਫਰਜ਼ ਹੈ। ਕਈਆਂ ਨੂੰ ਗੁਰੂ ਸਾਹਿਬ ਨੇ ਕਿਰਤ ਨੌਕਰੀ ਦੀ ਬਖਸ਼ਿਸ਼ ਕੀਤੀ ਹੈ ਤੇ ਕਈ ਕਿਰਤ ਕਰਦੇ ਹਨ, ਦੁਕਾਨ ਦੀ। ਦਾਸ ਇੱਥੇ ਦੋਵੇਂ ਪ੍ਰਕਾਰ ਦੀ ਕਿਰਤ ਦੇ ਹਵਾਲੇ ਦੇਣੇ ਚਾਹੇਗਾ ਤਾਂ ਕਿ ਗੁਰੂ ਸਾਹਿਬ ਦੀ ਕਿਰਪਾ ਨਾਲ ਪੂਰੀ ਗੱਲ ਖੁੱਲ੍ਹ ਜਾਵੇ। ਹੁਣ ਜਿਵੇਂ ਕੋਈ ਭੈਣ ਟੀਚਰ ਹੈ ਤੇ ਉਸ ਨੂੰ ਮਹੀਨੇ ਦੀ 12000 ਤਨਖਾਹ ਮਿਲਦੀ ਹੈ, ਸਰਕਾਰੀ ਟੀਚਰਾਂ ਦੀ ਤਨਖਾਹ ਤਾਂ ਇਸ ਤੋਂ ਵੀ ਜ਼ਿਆਦਾ ਹੈ ਤੇ ਜੇ ਉਹ ਆਪਣਾ ਫਰਜ਼ ਪੂਰਾ ਨਹੀਂ ਨਿਭਾ ਰਹੀ, ਬੱਚਿਆਂ ਨੂੰ ਪੜ੍ਹਾਈ ਪੂਰੀ ਨਹੀਂ ਕਰਵਾ ਰਹੀ ਤੇ ਸਮਝ ਲੈਣਾ ਉਸ ਦੀ ਕਿਰਤ ਸ਼ੁੱਧ ਨਹੀਂ।

ਦਾਸ ਨੇ ਆਪਣੇ ਸੰਪਰਕ ਵਿੱਚ ਇੱਕ ਸਰਕਾਰੀ ਲੇਡੀਜ਼ ਟੀਚਰ ਨੂੰ ਇੱਕ ਵਾਰੀ ਪੁੱਛਿਆ ਸੀ ਕਿ ਭੈਣ ਜੀ ਸੱਚ ਦੱਸਣਾ, ਮਹੀਨੇ ਵਿੱਚ ਬੱਚਿਆਂ ਨੂੰ ਕਿੰਨੇ ਕੁ ਦਿਨ ਪੜ੍ਹਾਉਂਦੇ ਹੋ ਤੇ ਉਹ ਕਹਿਣ ਲੱਗੀ ਕਿ ਮਹੀਨੇ ਵਿੱਚ ਚਾਰ ਕੁ ਦਿਨ ਹੀ ਪੜ੍ਹਾਈਦਾ ਹੈ। ਬਾਕੀ ਸਮਾਂ ਤਾਂ ਸਵੈਟਰ ਬੁਣਨ ਜਾਂ ਮੋਬਾਇਲਾਂ ਤੋਂ ਵਟਸਅੱਪ ਤੇ ਹੀ ਲੰਘ ਜਾਂਦਾ ਹੈ। ਦਾਸ ਨੇ ਸੋਚਿਆ ਕਿ ਭਾਵੇਂ ਇਹ ਬੱਚੀ ਸੰਗਤ ਕਰਦੀ ਹੈ ਪਰ ਆਪਣੀ ਕਿਰਤ ਪ੍ਰਤੀ ਸੁਚੇਤ ਨਹੀਂ। ਦਾਸ ਨੇ ਫਿਰ ਉਨ੍ਹਾਂ ਨੂੰ ਬੇਨਤੀ ਕੀਤੀ ਤੁਸੀਂ ਜਿਸ ਕਲਾਸ ਨੂੰ ਪੜ੍ਹਾਉਂਦੇ ਹੋ ਜੇਕਰ ਤੁਹਾਡੀ ਕਲਾਸ ਵਿੱਚ 40 ਬੱਚੇ ਹਨ ਤੇ 5-7 ਬੱਚੇ ਵੀ ਪੜ੍ਹਾਈ ਵਿੱਚ ਕਮਜ਼ੋਰ ਰਹਿ ਗਏ ਤੇ ਫਿਰ ਇਸ ਦਾ ਲੇਖਾ ਤੁਹਾਨੂੰ ਦੇਣਾ ਪਵੇਗਾ। ਫਿਰ ਉਹ ਭੈਣ ਦਾਸ ਨੂੰ ਕਹਿਣ ਲੱਗੀ ਫਿਰ ਕੀ ਕਰੀਏ? ਦਾਸ ਨੇ ਕਿਹਾ ਕਿ ਤੁਸੀਂ ਕਲਾਸ ਵਿੱਚ ਚੈੱਕ ਕਰੋ ਕਿਹੜੇ ਬੱਚੇ ਪੜ੍ਹਾਈ ਵਿੱਚ ਕਮਜ਼ੋਰ ਹਨ ਉਨ੍ਹਾਂ ਨੂੰ ਘੰਟਾ ਵੱਧ ਪੜ੍ਹਾਓ ਫਿਰ ਧੰਨ ਗੁਰੂ ਨਾਨਕ ਮਹਾਰਾਜ ਜੀ ਦੀ ਖੁਸ਼ੀ ਤੁਹਾਡੀ ਝੋਲੀ ਵਿੱਚ ਪਵੇਗੀ। ਗੁਰੂ ਸਾਹਿਬ ਕਹਿੰਦੇ ਹਨ ਕਿ ਮੇਰੇ ਸਿੱਖ ਦੀ ਕਿਰਤ ਸ਼ੁੱਧ ਹੋਵੇ। ਹੁਣ ਕੋਈ ਕਿਸੇ ਸਰਕਾਰੀ ਮਹਿਕਮੇ ਵਿੱਚ ਕਿਸੇ ਚੰਗੀ ਪੋਸਟ ਤੇ ਲੱਗਾ ਹੈ ਜਾਂ ਪੁਲਿਸ ਮਹਿਕਮੇ ਵਿੱਚ ਕਿਸੇ ਚੰਗੇ ਅਹੁਦੇ ਤੇ ਲੱਗਾ ਹੈ ਤੇ ਜੇ ਉਹ ਆਪਣੀ ਤਨਖਾਹ ਤੋਂ ਇਲਾਵਾ ਰਿਸ਼ਵਤ ਲੈਂਦਾ ਹੈ ਜਾਂ ਕਿਸੇ ਗਲਤ ਕੰਮ ਨੂੰ ਰਿਸ਼ਵਤ ਲੈ ਕੇ ਠੀਕ ਕਰਦਾ ਹੈ ਤੇ ਉਹ ਜਿੰਨੇ ਮਰਜ਼ੀ ਪਾਠ ਕਰ ਲਵੇ ਪਰ ਉਸ ਦਾ ਪਰਮਾਰਥ ਕਦੀ ਸੁਧਰ ਨਹੀਂ ਸਕਦਾ। ਕਿਰਤ ਦਾ ਸੰਬੰਧ ਸਿੱਧਾ ਧਰਮਰਾਜ ਦੇ ਲੇਖੇ ਨਾਲ ਹੈ, ਕੇਵਲ ਰੋਟੀ ਤੱਕ ਇਹ ਸੀਮਤ ਨਹੀਂ। ਕਿਰਤ ਦਾ ਸੰਬੰਧ ਸਾਡੇ ਬੱਚਿਆਂ ਦੀ ਬੁੱਧੀ ਨਾਲ ਹੈ। ਜੇ ਤੁਹਾਡੇ ਘਰ ਗਲਤ ਕਮਾਈ ਦਾ ਇੱਕ ਪੈਸਾ ਵੀ ਘਰ ਆ ਗਿਆ ਤੇ ਤੁਹਾਡੇ ਬੱਚਿਆਂ ਦੀ ਬੁੱਧੀ ਸਹੀ ਨਹੀਂ ਰਹਿਣ ਦੇਵੇਗਾ। ਮਹਾਂਪੁਰਖਾਂ ਦਾ ਬਚਨ ਹੈ ਗਲਤ ਢੰਗਾਂ ਨਾਲ ਕਮਾਇਆ ਹੋਇਆ ਪੈਸਾ ਬੱਚਿਆਂ ਦੀ ਬੁੱਧੀ ਭ੍ਰਿਸ਼ਟ ਕਰਕੇ ਰੱਖ ਦਿੰਦਾ ਹੈ।

ਤੁਹਾਡੀ ਸੰਗਤ ਦੀ ਬੱਚੀ ਹੈ, ਬੀਬੀ ਪਰਮਜੀਤ ਕੌਰ। ਪਿਆਰ ਨਾਲ ਸਾਰੇ ਪੰਮਾ ਭੈਣ ਜੀ ਕਹਿੰਦੇ ਹਨ। ਇਨ੍ਹਾਂ ਦੇ ਪਿਤਾ ਸ੍ਰ. ਰਾਜਿੰਦਰ ਸਿੰਘ ਜੀ ਦੀ ਦੁਕਾਨ ਹੈ, ਅੰਮ੍ਰਿਤਸਰ ਸੁਲਤਾਨਵਿੰਡ ਰੋਡ ਵਿਖੇ ਗੋਲਡਨ ਕਲਾਥ ਮਾਰਕੀਟ ਵਿੱਚ। ਰੁਮਾਲਿਆਂ ਦੀ ਕਿਰਤ ਹੈ। ਇਨ੍ਹਾਂ ਕੋਲ ਕਿਸੇ ਮਹਿਕਮੇ ਦਾ ਕੋਈ ਅਫਸਰ ਰੁਮਾਲਾ ਸਾਹਿਬ ਲੈਣ ਆਇਆ। ਜਦੋਂ ਉਸ ਨੇ ਰੁਮਾਲਾ ਪਸੰਦ ਕੀਤਾ ਤੇ ਪੁੱਛਣ ਲੱਗਾ ਕਿ ਇਹ ਕਿੰਨੇ ਦਾ ਹੈ। ਉਹ ਕਹਿਣ ਲੱਗੇ ਕਿ ਇਹ 350/- ਰੁਪਏ ਦਾ ਹੈ। ਆਮ ਜਿਵੇਂ ਆਪਾਂ ਦੁਕਾਨਦਾਰ ਨੂੰ ਕਹਿ ਦਿੰਦੇ ਹਾਂ ਕਿ ਕੁਝ ਪੈਸੇ ਘੱਟ ਕਰ ਲਓ ਤੇ ਉਹ ਬੜੇ ਪਿਆਰ ਨਾਲ ਕਹਿਣ ਲੱਗੇ ਕਿ ਅਸੀਂ ਪਹਿਲਾਂ ਹੀ ਜਾਇਜ਼ ਕਮਾਈ ਲੈਂਦੇ ਹਾਂ, ਘੱਟ-ਵੱਧ ਨਹੀਂ ਕਰਦੇ। ਉਸ ਅਫਸਰ ਦੇ ਮੁੱਖ ਵਿੱਚੋਂ ਨਿਕਲਿਆ, ਜਾਇਜ਼ ਕਮਾਈ ਕਰਦੇ ਹੋ, ਸੁੱਖੀ ਰਹੋਗੇ। ਨਾਲ ਹੀ

ਉਹ ਕਹਿਣ ਲੱਗਾ ਕਿ ਮੈਂ ਹੁਣ ਨੌਕਰੀ ਤੋਂ ਰਿਟਾਇਰ ਹੋ ਚੁੱਕਾ ਹਾਂ ਤੇ ਆਪਣੀ ਜ਼ਿੰਦਗੀ ਵਿੱਚ ਰੱਜ ਕੇ ਰਿਸ਼ਵਤ ਲਈ ਹੈ। ਬਹੁਤ ਨਜਾਇਜ਼ ਕਮਾਈ ਕੀਤੀ ਹੈ। ਘਰਵਾਲੀ ਮੇਰੀ ਗੁਜਰ ਗਈ ਹੈ। ਬੇਟੀ ਦਾ ਤਲਾਕ ਹੋ ਚੁੱਕਾ ਹੈ ਤੇ ਉਹ ਘਰ ਬੈਠੀ ਹੈ ਤੇ ਨਾਲ ਹੀ ਉਹ ਆਪਣੀ ਕਾਰ ਵੱਲ ਉਂਗਲ ਕਰਕੇ ਕਹਿਣ ਲੱਗਾ ਕਿ ਪਿਛਲੀ ਸੀਟ ਤੇ ਮੇਰੇ ਦੋਵੇਂ ਮੁੰਡੇ ਬੈਠੇ ਹਨ, ਦੋਵੇਂ ਸਮੈਕ ਪੀਂਦੇ ਹਨ ਤੇ ਪਿਛਲੀ ਸੀਟ ਤੇ ਡਿੱਗੇ ਪਏ ਹਨ। ਉਹ ਅਫਸਰ ਰੋ ਪਿਆ ਤੇ ਕਹਿਣ ਲੱਗਾ ਕਿ ਉਸ ਪੈਸੇ ਦਾ ਕੀ ਕਰਨਾ ਹੈ ਜਦ ਔਲਾਦ ਦਾ ਹੀ ਸੁੱਖ ਨਹੀਂ ਹੈ। ਕਹਿਣ ਤੋਂ ਭਾਵ ਗੁਰੂ ਦੇ ਸਿੱਖ ਦੀ ਕਿਰਤ ਸ਼ੁੱਧ ਹੋਵੇ। ਮਹਾਂਪੁਰਸ਼ ਤਾਂ ਇੱਥੋਂ ਤੱਕ ਬਰੀਕੀਆਂ ਕੱਢਦੇ ਸਨ ਕਿ ਜੇ ਕੋਈ ਮਜ਼ਦੂਰੀ ਜਾਂ ਮਿਸਤਰੀ ਦਾ ਕੰਮ ਕਰਦਾ ਹੈ, ਦਿਹਾੜੀ ਅਗਰ 500 ਲੈਂਦਾ ਹੈ ਤੇ ਕੰਮ ਮਾਲਕ ਨੂੰ 600 ਦਾ ਕਰਕੇ ਦੇਵੇ, ਇਸ ਨਾਲ ਬਰਕਤ ਪੈਂਦੀ ਹੈ। ਧਿਆਨ ਰੱਖੇ ਸ਼ਾਮ ਨੂੰ ਜਾਣ ਤੋਂ ਪਹਿਲਾਂ ਆਪਣੇ ਮਾਲਕ ਨੂੰ ਦੱਸ ਕੇ ਜਾਵੇ ਕਿ ਅਗਲੇ ਦਿਨ ਮੈਨੂੰ ਇਹ ਸਮਾਨ ਚਾਹੀਦਾ ਹੈ ਤਾਂ ਕਿ ਸਵੇਰੇ ਮਾਲਕ ਦਾ ਸਮਾਂ ਖਰਾਬ ਨਾ ਹੋਵੇ। ਕਈ ਸਵੇਰੇ ਆ ਕੇ ਦੱਸਦੇ ਕਿ ਇਹ ਕੁਝ ਚਾਹੀਦਾ ਹੈ ਤੇ ਫਿਰ ਅੱਧਾ ਦਿਨ ਤਾਂ ਸਮਾਨ ਲਿਆਉਣ ਤੇ ਹੀ ਲੰਘ ਜਾਂਦਾ ਹੈ। ਇਹ ਗੱਲਾਂ ਨਿੱਕੀਆਂ-ਨਿੱਕੀਆਂ ਹਨ ਪਰ ਪਤਾ ਨਹੀਂ ਇਹ ਪੜ੍ਹ ਕੇ ਕਿਸੇ ਦੇ ਜੀਵਨ ਵਿੱਚ ਅਸਰ ਕਰ ਜਾਣ ਤੇ ਫਿਰ ਗੁਰੂ ਨਾਨਕ ਮਹਾਰਾਜ ਦੀ ਖੁਸ਼ੀ ਝੋਲੀ ਵਿੱਚ ਪੈ ਜਾਵੇ।

ਹੁਣ ਕਈ ਵੀਰ ਦੁਕਾਨਦਾਰੀ ਕਰਦੇ ਹਨ, ਕਈ ਫੇਰੀ ਲਗਾਉਂਦੇ ਹਨ, ਦਾਸ ਵੀ ਦੁਕਾਨਦਾਰੀ ਕਰਦਾ ਰਿਹਾ ਹੈ। ਪਹਿਲਾਂ ਸਾਡਾ ਮਨਿਆਰੀ ਦਾ ਕੰਮ ਸੀ, ਫਿਰ ਕਾਪੀਆਂ ਦਾ ਕੰਮ ਰਿਹਾ ਹੈ। ਦੁਕਾਨਦਾਰੀ ਵੀ ਸ਼ੁੱਧ ਹੋਣੀ ਚਾਹੀਦੀ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ, ਭਾਈ ਮਰਦਾਨਾ ਜੀ ਤੇ ਭਾਈ ਬਾਲਾ ਜੀ ਜਾ ਰਹੇ ਸਨ। ਗੁਰੂ ਨਾਨਕ ਮਹਾਰਾਜ ਜੀ ਭਾਈ ਮਰਦਾਨਾ ਜੀ ਨੂੰ ਕਹਿਣ ਲੱਗੇ ਕਿ ਉਹ ਸਾਹਮਣੇ ਜਾ ਰਹੇ ਡਿੱਗੀ ਵਾਲੇ ਨੂੰ ਸਾਡੇ ਕੋਲ ਬੁਲਾ ਕੇ ਲਿਆ। ਭਾਈ ਮਰਦਾਨਾ ਜੀ ਬੁਲਾ ਕੇ ਲਿਆਏ। ਗੁਰੂ ਸਾਹਿਬ ਉਸ ਡਿੱਗੀ ਵਾਲੇ ਨੂੰ ਪੁੱਛਣ ਲੱਗੇ ਕਿ ਕੀ ਵੇਚ ਰਿਹਾ ਹੈਂ? ਉਹ ਆਖਣ ਲੱਗਾ ਕਿ ਰਸੋਈ ਦਾ ਸਮਾਨ ਵੇਚ ਰਿਹਾ ਹਾਂ, ਮਿਰਚ ਮਸਾਲੇ ਵਗੈਰਾ। ਗੁਰੂ ਸਾਹਿਬ ਨੇ ਉਸ ਨੂੰ ਅਸੀਸਾਂ ਬਖਸ਼ੀਆਂ। ਉਸ ਦੇ ਜਾਣ ਤੋਂ ਬਾਅਦ ਭਾਈ ਮਰਦਾਨਾ ਜੀ ਗੁਰੂ ਸਾਹਿਬ ਨੂੰ ਪੁੱਛਦੇ ਹਨ ਕਿ ਕੋਈ ਤਾਂ ਕਾਰਨ ਹੈ ਕਿ ਤੁਸੀਂ ਇਸ ਨੂੰ ਆਪ ਸੱਦ ਕੇ ਬੁਲਾਇਆ ਹੈ। ਮਹਾਰਾਜ ਜੀ ਕਹਿਣ ਲੱਗੇ, ਮਰਦਾਨਾ ਜੀ, ਇਸ ਡਿੱਗੀ ਵਾਲੇ ਨੂੰ ਤਾਂ ਬੁਲਾਇਆ ਹੈ ਕਿਉਂਕਿ ਇਸ ਦੀ ਕਿਰਤ ਸ਼ੁੱਧ ਹੈ, ਇਸ ਦਾ ਸੌਦਾ ਸ਼ੁੱਧ ਹੈ, ਵਿਹਾਰ ਸ਼ੁੱਧ ਹੈ ਤੇ ਜਿਸ ਦਾ ਸੌਦਾ ਸ਼ੁੱਧ ਹੋਵੇ, ਮੇਰੀ ਉਸ ਤੇ ਪੂਰਨ ਖੁਸ਼ੀ ਹੈ। ਅੱਜ ਕਲ੍ਹ ਆਮ ਵੇਖ ਰਹੇ ਹਾਂ ਕਿ ਕਈ ਦੁਕਾਨਦਾਰ ਵੀਰ ਮਿਲਾਵਟੀ ਚੀਜ਼ਾਂ ਵੀ ਵੇਚਦੇ ਹਨ ਜਾਂ ਕਿਸੇ ਚੀਜ਼ ਦੀ ਕੀਮਤ ਵਿੱਚ ਬਹੁਤ ਜ਼ਿਆਦਾ ਮਾਰਜਨ ਰੱਖ ਲੈਂਦੇ ਹਨ। ਇਸ ਤੇ ਫਿਰ ਗੁਰੂ ਨਾਨਕ ਮਹਾਰਾਜ ਜੀ ਦੀ ਖੁਸ਼ੀ ਨਹੀਂ ਮਿਲਦੀ। ਦਾਸ ਇੱਥੇ ਇਹ ਵੀ ਗੱਲ ਖੋਲ੍ਹ ਦਿੰਦਾ ਹੈ ਕਿ ਕਈ ਵੀਰਾਂ ਦੀ ਕਿਰਤ ਮਾਸ ਦੀ ਹੈ ਜਾਂ ਸ਼ਰਾਬ ਵੇਚਣ ਦੀ ਹੈ। ਇਹ ਕਿਰਤ ਕਦੀ ਵੀ ਗੁਰੂ ਨਾਨਕ ਮਹਾਰਾਜ ਜੀ ਦੇ ਦਰ ਤੇ ਪ੍ਰਵਾਨ ਨਹੀਂ ਹੋ ਸਕਦੀ। ਮਹਾਂਪੁਰਸ਼ ਬਚਨ ਕਰਦੇ ਸਨ ਕਿ ਕਿਰਤ ਸ਼ੁਰੂ ਕਰਨ ਵੇਲੇ ਥੋੜ੍ਹੀ ਲੇਟ ਸ਼ੁਰੂ ਕਰ ਲਓ ਪਰ ਇਹ ਧਿਆਨ ਰੱਖੋ ਕਿ ਕਿਤੇ ਕਿਸੇ ਜੀਵ ਦੀ ਹੱਤਿਆ ਨਾ ਹੋਵੇ।

ਨਿਚੋੜ ਰੂਪ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਗੁਰੂ ਦੇ ਸਿੱਖ ਦੀ ਕਿਰਤ ਸ਼ੁੱਧ ਹੋਵੇ ਤੇ ਉਸ ਵਿੱਚ ਦਸਾਂ ਨਹੁੰਆਂ ਤੇ ਹੱਕ ਹਲਾਲ ਦੀ ਕਮਾਈ ਹੋਵੇ ਤਾਂ ਹੀ ਫਿਰ ਗੁਰੂ ਨਾਨਕ ਸਾਹਿਬ ਦੀ ਖੁਸ਼ੀ ਝੋਲੀ ਵਿੱਚ ਪਵੇਗੀ।

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

ਲੜੀ ਜੋੜਨ ਲਈ
ਪਿਛਲਾ ਅੰਕ ਦੇਖੋ ਜੀ :-

—ਸੰਪਾਦਕ

460 ਕੋਈ ਮਨ ਨੀਵਾਂ ਕਰਕੇ ਸੰਗਤ ਦੀਆਂ ਖੁਸ਼ੀਆਂ ਲੈ ਲਵੇ, ਧੰਨ ਗੁਰੂ ਰਾਮਦਾਸ ਜੀ ਨੂੰ ਉਸਦੇ ਮਾੜੇ ਕਰਮ ਮਿਟਾਉਣੇ ਹੀ ਪੈਂਦੇ ਨੇ।

461 ਸਰੀਰ ਦੀ ਸੁੰਦਰਤਾ ਨਾਲੋਂ ਤੇਰੇ ਅੰਦਰ ਸ਼ੁਭ ਗੁਣਾਂ ਦੀ ਸੁੰਦਰਤਾ ਹੋਣੀ ਬਹੁਤ ਜ਼ਰੂਰੀ ਹੈ।

462 ਕਈ ਘਰਾਂ ਵਿੱਚ ਸਾਡੇ ਇੰਨੇ ਕੱਪੜੇ ਫਾਲਤੂ ਹੋ ਜਾਂਦੇ ਹਨ ਕਿ ਜਿਨ੍ਹਾਂ ਨੂੰ ਸੰਭਾਲਣਾ ਵੀ ਸਿਰ ਦਰਦੀ ਬਣ ਜਾਂਦੀ ਹੈ। ਜੇ ਵਾਧੂ ਕੱਪੜੇ ਸੰਭਾਲਣ ਦੀ ਥਾਂ ਲੋੜਵੰਦਾਂ ਵਿੱਚ ਵੰਡ ਦੇਈਏ, ਵਾਹਿਗੁਰੂ ਉਹਦੇ ਆਪ ਆ ਕੇ ਪੜਦੇ ਕੱਜਦਾ ਹੈ।

ਜੀਵਨ
ਬਾਬਾ ਈਸ਼ਰ ਸਿੰਘ ਜੀ
ਰਾੜਾ ਸਾਹਿਬ
ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥



*-ਭਾਈ ਅਮਰੀਕ ਸਿੰਘ ਗਨੈਸ਼ਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-*

''ਵਾਹਿਗੁਰੂ!'' ਆਖ ਮੋਹਨ ਸਿੰਘ ਨੇ ਹੱਥ ਜੋੜ ਲਏ। ਇੱਕ ਪਾਸੇ ਸੰਸਾਰ ਦੇ ਸੁੱਖ ਸਨ ਅਤੇ ਦੂਸਰੇ ਪਾਸੇ ਪਰਮਾਰਥਕ ਕਿਰਪਾ।

ਵਿਸਾਖੀ ਦੇ ਪੁਰਬ ਉਪਰੰਤ ਬਾਬਾ ਜੀ ਸਿੰਧ ਤੋਂ ਵਾਪਸ ਆ ਗਏ। ਸ੍ਰ. ਮੋਹਨ ਸਿੰਘ (ਕੋਕਾ ਕੋਲਾ) ਨੇ ਭੋਰੇ ਦੀ ਸੇਵਾ ਆਰੰਭ ਕਰਵਾਈ ਸੀ। ਹੇਠਾਂ ਵਾਲਾ ਕਮਰਾ ਤਿਆਰ ਹੋ ਗਿਆ ਸੀ। ਉੱਪਰ ਵਾਲੇ ਕਮਰੇ ਦੀ ਕੁਝ ਸੇਵਾ ਰਹਿੰਦੀ ਸੀ। ਅੱਜ ਬਾਬਾ ਜੀ ਭੋਰਾ ਦੇਖਣ ਆਏ ਸਨ। ਹੇਠਾਂ ਵਾਲੇ ਕਮਰੇ ਵਿੱਚ ਆਪ ਜੀ ਬੈਠ ਗਏ। ਮੋਹਨ ਸਿੰਘ (ਬਾਬਾ) ਵਰਿਆਮ ਸਿੰਘ ਜੀ (ਰਤਵਾੜਾ ਸਾਹਿਬ ਵਾਲੇ) ਅਤੇ ਇੱਕ-ਦੋ ਸਿੰਘ ਹੋਰ ਸਨ। ਸਾਰੇ ਇਸ਼ਾਰਾ ਪਾ ਕੇ ਬੈਠ ਗਏ। ਸ੍ਰ. ਮੋਹਨ ਸਿੰਘ ਨੂੰ ਬਹੁਤ ਚਾਉ ਸੀ। ਮਹਾਂਪੁਰਖਾਂ ਨੂੰ ਭੋਰੇ ਵਿੱਚ ਚਰਨ ਪਾਉਣ ਦੀ ਬੇਨਤੀ ਕਰਕੇ ਲੈ ਕੇ ਆਇਆ ਸੀ।

''ਭਾਈ ਮੋਹਨ ਸਿੰਘ! ਤੁਸੀਂ ਭਜਨ-ਬੰਦਗੀ ਵਾਸਤੇ ਇਸ ਅਸਥਾਨ ਦੀ ਸੇਵਾ ਕੀਤੀ ਹੈ। ਇੱਥੇ ਅਸੀਂ ਬਾਹਰ ਦੇ ਰੌਲੇ-ਰੱਪੇ ਤੋਂ ਪਾਸੇ ਇਕਾਂਤ ਵਿੱਚ ਘੰਟਿਆਂ ਬੱਧੀ ਆਪਣੇ ਪਿਆਰ ਨਾਲ ਇਕਮਿਕ ਹੋ ਬੈਠ ਸਕਦੇ ਹਾਂ। ਦੱਸੋ ਤੁਹਾਨੂੰ ਆਪਣੇ ਪਿਆਰੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨਾਂ 'ਚੋਂ ਬੇਨਤੀ ਕਰਕੇ ਕੀ ਦਿਵਾਈਏ?'' ਬਾਬਾ ਜੀ ਨੇ ਪ੍ਰਸੰਨਤਾ ਨਾਲ ਪੁੱਛਿਆ। ਮੋਹਨ ਸਿੰਘ ਨੇ ਹੱਥ ਜੋੜ ਲਏ ਤੇ ਸਿਰ ਨਿਵਾ ਲਿਆ। ''ਦੱਸੋ ਭਾਈ!'' ਮਹਾਂਪੁਰਖਾਂ ਨੇ ਫਿਰ ਪੁੱਛਿਆ।

ਮੋਹਨ ਸਿੰਘ ਨੇ ਕੁਝ ਕਹਿਣ ਦੀ ਥਾਂ ਸਿਰ ਹੋਰ ਨੀਵਾਂ ਕਰ ਲਿਆ। ਉਸਦੇ ਮਨ ਵਿੱਚ ਵਿਚਾਰ ਚੱਲ ਰਹੀ ਸੀ ਕਿ ਕੀ ਬੇਨਤੀ ਕਰਾਂ। ਕੋਈ ਵੀ ਇੱਕ ਬੇਨਤੀ ਜਾਂ ਤਾਂ ਸੰਸਾਰੀ ਸੁੱਖ ਦੀ ਹੋ ਸਕਦੀ ਸੀ ਜਾਂ ਪਰਮਾਰਥ ਦੀ। ਪਰਮਾਰਥਕ ਕਿਰਪਾ ਤਾਂ ਚਾਹੀਦੀ ਹੀ ਹੈ। ਸਧਾਰਨ ਗ੍ਰਹਿਸਥੀ ਨੂੰ ਸੰਸਾਰਕ ਕਿਰਪਾ ਦੀ ਵੀ ਲੋੜ ਹੁੰਦੀ ਹੈ। ਸੰਸਾਰਕ ਕਿਰਪਾ ਦੀ ਬੇਨਤੀ ਕੀਤੀ ਤਾਂ ਪਰਮਾਰਥ ਪਿੱਛੇ ਰਹਿ ਜਾਵੇਗਾ।

''ਦੱਸੋ ਭਾਈ ਮੋਹਨ ਸਿੰਘ ਜੀ!'' ਬਾਬਾ ਜੀ ਨੇ ਫਿਰ ਬਚਨ ਕੀਤਾ। ਮੋਹਨ ਸਿੰਘ ਨੇ ਇਸ ਵਾਰ ਵੀ ਕੁਝ ਨਹੀਂ ਕਿਹਾ ਸਗੋਂ ਸਿਰ ਹੋਰ ਨਿਵਾ ਲਿਆ।

''ਠੀਕ ਹੈ! ਤੁਸੀਂ ਖੁਦ ਨਹੀਂ ਮੰਗ ਰਹੇ ਤਾਂ ਤੁਹਾਨੂੰ ਗੁਰੂ ਨਾਨਕ ਸਾਹਿਬ ਪਾਸੋਂ ਦੀਨ ਅਤੇ ਦੁਨੀਆਂ ਦੋਨੋਂ ਦਿਵਾ ਦਿੰਦੇ ਹਾਂ।'' ਬਾਬਾ ਜੀ ਨੇ ਬਚਨ ਕੀਤਾ, ''ਤੁਸੀਂ ਗੁਰੂ ਘਰ ਨਾਲ ਵੀ ਜੁੜੇ ਰਹੋਗੇ ਅਤੇ ਮਾਇਆ ਦੀ ਵੀ ਕਮੀ ਨਹੀਂ ਆਵੇਗੀ।''

''ਬਾਬਾ ਜੀ! ਥੋੜ੍ਹੇ ਦਿਨਾਂ ਵਿੱਚ ਇਹ ਸੇਵਾ ਪੂਰੀ ਹੋ ਜਾਣੀ ਹੈ, ਹੁਣ ਦਿੱਲੀ ਜਾਣ ਦੀ ਆਗਿਆ ਬਖਸ਼ੋ।'' ਮੋਹਨ ਸਿੰਘ ਨੇ ਆਗਿਆ ਮੰਗੀ। ''ਠੀਕ ਹੈ! ਇਸ ਤੋਂ ਪਹਿਲਾਂ ਅਸੀਂ ਇੱਕ ਬਚਨ ਕਰਨਾ ਹੈ ਤੁਹਾਡੇ ਨਾਲ।'' ਬਾਬਾ ਜੀ ਨੇ ਬਚਨ ਕੀਤਾ।

''ਹੁਕਮ ਕਰੋ ਬਾਬਾ ਜੀ।'' ਮੋਹਨ ਸਿੰਘ ਨੇ ਹੱਥ ਜੋੜੇ। ''ਤੁਹਾਨੂੰ ਅਸੀਂ ਪੜ੍ਹਿਆ ਲਿਖਿਆ ਇਮਾਨਦਾਰ ਅਤੇ ਗੁਰਮੁਖ ਨੌਜਵਾਨ ਦੇਣਾ ਚਾਹੁੰਦੇ ਹਾਂ, ਜਿਹੜਾ ਕਰੋੜਾਂ ਰੁਪਈਏ ਵਿੱਚ ਖੜ੍ਹਾ ਹੋਵੇ ਤਾਂ ਵੀ ਡੋਲ ਨਹੀਂ ਸਕਦਾ।'' ਬਾਬਾ ਜੀ ਨੇ ਬਚਨ ਕੀਤਾ।

''ਬਾਬਾ ਜੀ ਮੈਨੂੰ ਵੀ ਇਹੀ ਭਾਲ ਸੀ। ਆਪ ਜੀ

ਨੇ ਕਿਰਪਾ ਕੀਤੀ ਹੈ। ਮੈਨੂੰ ਕੰਪਨੀ ਦੇ ਕਾਰੋਬਾਰ ਲਈ ਲੋੜ ਸੀ।'' ਮੋਹਨ ਸਿੰਘ ਨੂੰ ਆਪਣੀ ਫਰਨੀਚਰ ਕੰਪਨੀ 'ਓਰੀਐਂਟਲ ਫਰਨਿਸ਼ਿੰਗ' ਲਈ ਮੈਨੇਜਰ ਦੀ ਲੋੜ ਸੀ।

